ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਮਿਸ. ਚਸ਼ਮਿੰਦਰ ਕੌਰ, (96466-00131)
ਪੁੱਤਰੀ ਲੇਟ ਸ਼੍ਰੀ ਗੁਰਵਿੰਦਰ ਸਿੰਘ,
825, ਅਨੰਦ ਨਗਰ-ਏ,
ਪਟਿਆਲਾ। ........ਸ਼ਿਕਾਇਤਕਰਤਾ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਡਾਇਰੈਕਟਰ, ਸਿੱਖਿਆ (ਕਾਲਿਜਾਂ),
ਪੰਜਾਬ, ਸਿੱਖਿਆ ਭਵਨ,
ਐਸ.ਏ.ਐਸ. ਨਗਰ (ਮੁਹਾਲੀ)। ........ ਉੱਤਰਦਾਤਾ

**ਸ਼ਿਕਾਇਤ ਕੇਸ ਨੰ:927 ਆਫ਼ 2018**

**ਹਾਜ਼ਰ:-** 1) ਸ਼ਿਕਾਇਤਕਰਤਾ ਵੱਲੋਂ ਉਸ ਦੇ ਪਿਤਾ ਸ਼੍ਰੀ ਗੁਰਵਿੰਦਰ ਸਿੰਘ (96466-00131)।
2) ਉੱਤਰਦਾਤਾ ਵੱਲੋਂ ਸ਼੍ਰੀ ਹਰਪ੍ਰੀਤ ਸਿੰਘ, ਸੀਨੀਅਰ ਸਹਾਇਕ (98144-33467) ਸਮੇਤ ਸ਼੍ਰੀ ਨਿਖਿਲ ਬੱਤਾ, ਐਡਵੋਕੇਟ (98141-14155)।

**ਹੁਕਮ:**

ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਸ਼ਿਕਾਇਤਕਰਤਾ ਦੇ ਨੁਮਾਇੰਦੇ ਨੇ ਕਿਹਾ ਹੈ ਕਿ ਉਸ ਨੂੰ ਅਜੇ ਤੱਕ ਮੁਕੰਮਲ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਨਿਖਿਲ ਬੱਤਾ, ਐਡਵੋਕੇਟ ਨੇ ਸੂਚਨਾ ਦੀ ਕਾਪੀ ਪੇਸ਼ੀ ਦੌਰਾਨ ਸ਼ਿਕਾਇਤਕਰਤਾ ਦੇ ਨੁਮਾਇੰਦੇ ਨੂੰ ਦਸਤੀ ਦੇ ਦਿੱਤੀ ਹੈ ਜਿਸ ਦੀ ਇੱਕ ਕਾਪੀ ਕਮਿਸ਼ਨ ਨੂੰ ਵੀ ਪੇਸ਼ ਕੀਤੀ ਹੈ ਜੋ ਕਿ ਮਿਸਲ ਤੇ ਰੱਖ ਲਈ ਗਈ ਹੈ। ਸ਼ਿਕਾਇਤਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਸਿੱਧੇ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਸੂਚਿਤ ਕਰਦੇ ਹੋਏ ਕਮਿਸ਼ਨ ਨੂੰ ਵੀ ਸਚਿਤ ਕੀਤਾ ਜਾਵੇ ਤਾਂ ਜੋ ਉਨ੍ਹਾਂ ਦੀ ਪੂਰਤੀ ਹੋ ਸਕੇ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 21-01-2019 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 17 ਦਸੰਬਰ, 2018.**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਮਿਸ. ਚਸ਼ਮਿੰਦਰ ਕੌਰ, (96466-00131)
ਪੁੱਤਰੀ ਲੇਟ ਸ਼੍ਰੀ ਗੁਰਵਿੰਦਰ ਸਿੰਘ,
825, ਅਨੰਦ ਨਗਰ-ਏ,
ਪਟਿਆਲਾ। ........ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਪ੍ਰਿੰਸੀਪਲ,
ਸਰਕਾਰੀ ਮਹਿੰਦਰਾ ਕਾਲਿਜ,
ਪਟਿਆਲਾ। ........ ਉੱਤਰਦਾਤਾ

**ਸ਼ਿਕਾਇਤ ਕੇਸ ਨੰ:1066 ਆਫ਼ 2018**

**ਹਾਜ਼ਰ:-** 1) ਸ਼ਿਕਾਇਤਕਰਤਾ ਵੱਲੋਂ ਉਸ ਦੇ ਪਿਤਾ ਸ਼੍ਰੀ ਗੁਰਵਿੰਦਰ ਸਿੰਘ (96466-00131)।
2) ਉੱਤਰਦਾਤਾ ਵੱਲੋਂ ਸ਼੍ਰੀ ਨਿਖਿਲ ਬੱਤਾ, ਐਡਵੋਕੇਟ (98141-14155)।

**ਹਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ,2005 ਅਧੀਨ ਇਕ ਬਿਨੈ ਪੱਤਰ ਮਿਤੀ 25-08-2018, ਲੋਕ ਸੂਚਨਾ ਅਧਿਕਾਰੀ ਦਫਤਰ ਪ੍ਰਿੰਸੀਪਲ, ਸਰਕਾਰੀ ਮਹਿੰਦਰਾ ਕਾਲਿਜ, ਪਟਿਆਲਾ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਉਸ ਨੇ ਟੀਚਰ ਨੂੰ ਵਿਸ਼ਾ-ਵਾਰ ਦਿੱਤੀਆਂ ਗਈਆਂ ਅਸਾਈਨਮੈਂਟਸ ਅਤੇ ਐਮ.ਐਸ.ਟੀ. ਨਾਲ ਸਬੰਧਤ 6 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 03-10-2018 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਗਈ ਸੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 16-11-2018 ਨੂੰ ਪਹਿਲੀ ਸੁਣਵਾਈ ਮਿਤੀ 17-12-2018 ਨੂੰ ਸਵੇਰੇ 11:30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਸ਼ਿਕਾਇਤਕਰਤਾ ਦੇ ਨੁਮਾਇੰਦੇ ਨੇ ਕਿਹਾ ਹੈ ਕਿ ਉਸ ਨੂੰ ਅਜੇ ਤੱਕ ਮੁਕੰਮਲ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਨਿਖਿਲ ਬੱਤਾ, ਐਡਵੋਕੇਟ ਨੇ ਸੂਚਨਾ ਦੀ ਕਾਪੀ ਪੇਸ਼ੀ ਦੌਰਾਨ ਸ਼ਿਕਾਇਤਕਰਤਾ ਦੇ ਨੁਮਾਇੰਦੇ ਨੂੰ ਦਸਤੀ ਦੇ ਦਿੱਤੀ ਹੈ ਜਿਸ ਦੀ ਇੱਕ ਕਾਪੀ ਕਮਿਸ਼ਨ ਨੂੰ ਵੀ ਪੇਸ਼ ਕੀਤੀ ਹੈ ਜ਼ੋ ਕਿ ਮਿਸਲ ਤੇ ਰੱਖ ਲਈ ਗਈ ਹੈ। ਸ਼ਿਕਾਇਤਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਸਿੱਧੇ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਸੂਚਿਤ ਕਰਦੇ ਹੋਏ ਕਮਿਸ਼ਨ ਨੂੰ ਵੀ ਸਚਿਤ ਕੀਤਾ ਜਾਵੇ ਤਾਂ ਜੋ ਉਨ੍ਹਾਂ ਦੀ ਪੂਰਤੀ ਹੋ ਸਕੇ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 21-01-2019 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 17 ਦਸੰਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਗੁਰਸੇਵਕ ਸਿੰਘ, (98152-85150)
ਪੁੱਤਰ ਲੇਟ ਸ਼੍ਰੀ ਕਰਮ ਸਿੰਘ,
ਪਿੰਡ ਸੈਦਪੁਰਾ, ਡਾਕਖਾਨਾ ਭੜੀ,
ਤਹਿਸੀਲ ਖਮਾਣੋਂ,
ਜ਼ਿਲ੍ਹਾ ਫਤਿਹਗੜ੍ਹ ਸਾਹਿਬ। ........ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਰਜਿਸਟਰਾਰ,
ਪੰਜਾਬ ਮੈਡੀਕਲ ਕੌਂਸਿਲ,
ਮੈਡੀਕਲ ਸਿੱਖਿਆ ਭਵਨ,
ਸੈਕਟਰ-69, ਐਸ.ਏ.ਐਸ.ਨਗਰ,
(ਮੁਹਾਲੀ)-160062. ........ ਉੱਤਰਦਾਤਾ

**ਸ਼ਿਕਾਇਤ ਕੇਸ ਨੰ:932 ਆਫ਼ 2018**

**ਹਾਜ਼ਰ:-** 1) ਸ਼੍ਰੀ ਗੁਰਸੇਵਕ ਸਿੰਘ, ਸ਼ਿਕਾਇਤਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀਮਤੀ ਬਲਜੀਤ ਕੌਰ ਸੁਪਰਡੰਟ, ਦਫਤਰ ਪੰਜਾਬ ਮੈਡੀਕਲ ਕੌਂਸਿਲ, ਐਸ.ਏ.ਐਸ. ਨਗਰ।

**ਹੁਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ,2005 ਅਧੀਨ ਇਕ ਬਿਨੈ ਪੱਤਰ ਮਿਤੀ 16-03-2018, ਲੋਕ ਸੂਚਨਾ ਅਧਿਕਾਰੀ ਦਫਤਰ ਰਜਿਸਟਰਾਰ, ਪੰਜਾਬ ਮੈਡੀਕਲ ਕੌਂਸਿਲ, ਐਸ.ਏ.ਐਸ.ਨਗਰ, ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਉਸ ਵੱਲੋਂ ਅਗਸਤ, 2014 ਤੋਂ 2018 (ਸੈਸ਼ਨ ਦੋਰਾਨ) ਤੱਕ ਸੰਜੀਵਨੀ ਕਾਲਿਜ ਆਫ ਨਰਸਿੰਗ, ਦਾਊਦਪੁਰ, ਖੰਨਾ, ਜ਼ਿਲ੍ਹਾ ਲੁਧਿਆਣਾ ਦੀ ਫੀਸ ਅਤੇ ਫੰਡਾਂ ਬਾਰੇ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 28-08-2018 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਗਈ ਸੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 04-10-2018 ਨੂੰ ਅੱਜ ਪਹਿਲੀ ਸੁਣਵਾਈ ਮਿਤੀ 01-11-2018 ਨੂੰ ਸਵੇਰੇ 11:30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਪਿਛਲੀ ਪੇਸ਼ੀ, ਮਿਤੀ 01-11-2018 ਤੇ ਸ਼ਿਕਾਇਤਕਰਤਾ ਨੇ ਅੱਜ ਹਾਜ਼ਰ ਹੋ ਕੇ ਦੱਸਿਆ ਸੀ ਕਿ ਉਸ ਨੂੰ ਕੋਈ ਵੀ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ ਵੱਲੋਂ ਕੋਈ ਵੀ ਹਾਜ਼ਰ ਨਹੀਂ ਹੋਇਆ ਸੀ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਭੇਜੀ ਗਈ ਸੀ। ਪਰੰਤੂ ਉੱਤਰਦਾਤਾ ਵੱਲੋਂ ਇੱਕ ਪੱਤਰ ਨੰ:ਪਮਸ/2018/ ਆਰ.ਟੀ.ਆਈ./15147, ਮਿਤੀ 11-10-2018, ਜਿਸ ਦਾ ਇੱਕ ਉਤਾਰਾ ਸ਼ਿਕਾਇਤਕਰਤਾ ਨੂੰ ਵੀ ਭੇਜਿਆ ਗਿਆ ਸੀ, ਕਮਿਸ਼ਨ ਨੂੰ ਪ੍ਰਾਪਤ ਹੋਇਆ ਸੀ। ਇਸ ਪੱਤਰ ਰਾਹੀਂ ਉੱਤਰਦਾਤਾ ਵੱਲੋਂ ਕਮਿਸ਼ਨ ਨੂੰ ਸੂਚਿਤ ਕੀਤਾ ਗਿਆ ਸੀ ਕਿ ਸ਼ਿਕਾਇਤਕਰਤਾ ਵੱਲੋਂ ਮੰਗੀ ਗਈ ਜਾਣਕਾਰੀ ਪੰਜਾਬ ਨਰਸਿਜ਼ ਰਜਿਸਟਰੇਸ਼ਨ ਕੌਂਸਿਲ ਨਾਲ ਸਬੰਧਤ ਹੋਣ ਕਾਰਨ ਉਨ੍ਹਾਂ ਵੱਲੋਂ ਆਪਣੇ ਪੱਤਰ ਨੰ: ਪਮਸ/2018/ ਆਰ.ਟੀ.ਆਈ./8756, ਮਿਤੀ 23-03-2018, ਰਾਹੀਂ ਸ਼ਿਕਾਇਤਕਰਤਾ ਦਾ ਬਿਨੈਪੱਤਰ ਪੰਜਾਬ ਨਰਸਿਜ਼ ਰਜਿਸਟਰੇਸ਼ਨ ਕੌਂਸਿਲ ਨੂੰ ਟਰਾਂਸਫਰ ਕਰਦੇ ਹੋਏ ਸ਼ਿਕਾਇਤਕਰਤਾ ਨੂੰ ਵੀ ਸੂਚਿਤ ਕਰ ਦਿੱਤਾ ਗਿਆ ਸੀ ਕਿ ਅੱਗੇ ਤੋਂ ਉਹ ਜਾਣਕਾਰੀ ਹਿੱਤ ਸਬੰਧਤ ਕੌਂਸਿਲ ਨਾਲ ਸੰਪਰਕ ਕਰੇ। ਕਿਉਂਕਿ ਕਿ ਇਸ ਕੇਸ ਵਿੱਚ ਸ਼ਿਕਾਇਤਕਰਤਾ ਨੂੰ ਜਾਣਕਾਰੀ ਪੰਜਾਬ ਨਰਸਿਜ਼ ਰਜਿਸਟਰੇਸ਼ਨ ਕੌਂਸਿਲ ਵੱਲੋਂ ਮੁਹੱਈਆ ਕਰਵਾਈ ਜਾਣੀ ਹੈ ਇਸ ਲਈ ਲੋਕ ਸੂਚਨਾ ਅਧਿਕਾਰੀ ਦਫ਼ਤਰ ਪੰਜਾਬ ਨਰਸਿਜ਼ ਰਜਿਸਟਰੇਸ਼ਨ ਕੌਂਸਿਲ, ਨੂੰ ਹਦਾਇਤ ਕੀਤੀ ਗਈ ਸੀ ਕਿ ਸ਼ਿਕਾਇਤਕਰਤਾ ਦੇ ਬਿਨੈ-ਪੱਤਰ ਅਨੁਸਾਰ ਆਰ.ਟੀ.ਆਈ. ਐਕਟ, 2005 ਤਹਿਤ ਬਣਦੀ ਸੂਚਨਾ ਸ਼ਿਕਾਇਤਕਰਤਾ ਨੂੰ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਮੁਹੱਈਆ ਕਰਵਾਈ ਜਾਵੇ ਅਤੇ ਪੇਸ਼ੀ ਦੀ

ਚਲਦਾ---ਪੰਨਾ/2

**ਸ਼ਿਕਾਇਤ ਕੇਸ ਨੰ:932 ਆਫ਼ 2018**

ਮਿਤੀ ਤੇ ਹਾਜ਼ਰ ਹੋਣਾ ਵੀ ਯਕੀਨੀ ਬਣਾਇਆ ਜਾਵੇ। ਇਸ ਲਈ ਇਹ ਕੇਸ ਅਗਲੀ ਸੁਣਵਾਈ ਮਿਤੀ 17-12-2018 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅੱਜ ਪੇਸ਼ੀ ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀਮਤੀ ਬਲਜੀਤ ਕੌਰ ਸੁਪਰਡੰਟ, ਦਫਤਰ ਪੰਜਾਬ ਮੈਡੀਕਲ ਕੌਂਸਿਲ, ਐਸ.ਏ.ਐਸ. ਨਗਰ ਨੇ ਕਿਹਾ ਹੈ ਕਿ ਇਸ ਕੇਸ ਵਿੱਚ ਸ਼ਿਕਾਇਤਕਰਤਾ ਵੱਲੋਂ ਮੰਗੀ ਗਈ ਸੂਚਨਾ ਦਾ ਸਬੰਧ ਪੰਜਾਬ ਮੈਡੀਕਲ ਕੌਂਸਿਲ, ਮੁਹਾਲੀ ਨਾਲ ਨਹੀਂ ਅਤੇ ਇਹ ਸੂਚਨਾ ਪੰਜਾਬ ਨਰਸਿਜ਼ ਰਜਿਸਟਰੇਸ਼ਨ ਕੌਂਸਿਲ,ਮੁਹਾਲੀ ਵੱਲੋਂ ਮੁਹੱਈਆ ਕਰਵਾਈ ਜਾਣੀ ਬਣਦੀ ਹੈ।ਇਸ ਕਰਕੇ ਉਨ੍ਹਾਂ ਵੱਲੋਂ ਸ਼ਿਕਾਇਤਕਰਤਾ ਦਾ ਬਿਨੈ-ਪੱਤਰ ਪੰਜਾਬ ਨਰਸਿਜ਼ ਰਜਿਸਟਰੇਸ਼ਨ ਕੌਂਸਿਲ, ਮੁਹਾਲੀ ਨੂੰ ਤਬਦੀਲ ਕੀਤਾ ਜਾ ਚੁੱਕਾ ਹੈ।ਅੱਜ ਪੇਸ਼ੀ ਤੇ ਹਾਜ਼ਰ ਸ਼ਿਕਾਇਤਕਰਤਾ ਨੇ ਫਿਰ ਦੱਸਿਆ ਹੈ ਕਿ ਕਿ ਉਸ ਨੂੰ ਅਜੇ ਤੱਕ ਕੋਈ ਵੀ ਸੂਚਨਾ ਪ੍ਰਾਪਤ ਨਹੀਂ ਹੋਈ।ਉਸ ਨੇ ਵੀ ਕਿਹਾ ਹੈ ਕਿ ਉਸ ਵੱਲੋਂ ਮੰਗੀ ਗਈ ਸੂਚਨਾ ਪੰਜਾਬ ਨਰਸਿਜ਼ ਰਜਿਸਟਰੇਸ਼ਨ ਕੌਂਸਿਲ, ਮੁਹਾਲੀ ਵੱਲੋਂ ਦਿੱਤੀ ਜਾਣੀ ਬਣਦੀ ਹੈ।

4. ਕਮਿਸ਼ਨ ਦੇ ਅੰਤ੍ਰਿਮ ਹੁਕਮ, ਮਿਤੀ 01-11-2018 ਰਾਹੀਂ ਲੋਕ ਸੂਚਨਾ ਅਧਿਕਾਰੀ ਦਫ਼ਤਰ ਪੰਜਾਬ ਨਰਸਿਜ਼ ਰਜਿਸਟਰੇਸ਼ਨ ਕੌਂਸਿਲ, ਮੁਹਾਲੀ ਨੂੰ ਹਦਾਇਤ ਕੀਤੀ ਗਈ ਸੀ ਕਿ ਸ਼ਿਕਾਇਤਕਰਤਾ ਦੇ ਬਿਨੈ-ਪੱਤਰ ਅਨੁਸਾਰ ਆਰ.ਟੀ.ਆਈ. ਐਕਟ, 2005 ਤਹਿਤ ਬਣਦੀ ਸੂਚਨਾ ਸ਼ਿਕਾਇਤਕਰਤਾ ਨੂੰ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਮੁਹੱਈਆ ਕਰਵਾਈ ਜਾਵੇ ਅਤੇ ਪੇਸ਼ੀ ਦੀ ਮਿਤੀ ਤੇ ਹਾਜ਼ਰ ਹੋਣਾ ਵੀ ਯਕੀਨੀ ਬਣਾਇਆ ਜਾਵੇ। ਪਰੰਤੂ ਉਨ੍ਹਾਂ ਵੱਲੋਂ ਕਮਿਸ਼ਨ ਦੇ ਹੁਕਮਾਂ ਦੀ ਕੋਈ ਪ੍ਰਵਾਹ ਨਾ ਕਰਕੇ ਹੋਏ ਅਜੇ ਤੱਕ ਨਾ ਤਾਂ ਸ਼ਿਕਾਇਤਕਰਤਾ ਨੂੰ ਮੰਗੀ ਗਈ ਸੂਚਨਾ ਮੁਹੱਈਆ ਹੀ ਕਰਵਾਈ ਗਈ ਹੈ ਅਤੇ ਨਾ ਹੀ ਉਨ੍ਹਾਂ ਵੱਲੋਂ ਅੱਜ ਪੇਸ਼ੀ ਤੇ ਕੋਈ ਹਾਜ਼ਰ ਹੋਇਆ ਹੈ। ਇਸ ਕਰਕੇ ਲੋਕ ਸੂਚਨਾ ਅਧਿਕਾਰੀ ਦਫ਼ਤਰ ਪੰਜਾਬ ਨਰਸਿਜ਼ ਰਜਿਸਟਰੇਸ਼ਨ ਕੌਂਸਿਲ, ਮੁਹਾਲੀ ਨੂੰ ਮੁੜ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਸ਼ਿਕਾਇਤਕਰਤਾ ਦੇ ਬਿਨੈ-ਪੱਤਰ ਅਨੁਸਾਰ ਆਰ.ਟੀ.ਆਈ. ਐਕਟ, 2005 ਤਹਿਤ ਬਣਦੀ ਸੂਚਨਾ ਸ਼ਿਕਾਇਤਕਰਤਾ ਨੂੰ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਮੁਹੱਈਆ ਕਰਵਾਈ ਜਾਵੇ ਅਤੇ ਅਗਲੀ ਤੇ ਹਾਜ਼ਰ ਹੋ ਕੇ ਪਿਛਲੀ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਸਪੱਸ਼ਟੀਕਰਣ ਵੀ ਪੇਸ਼ ਕੀਤਾ ਜਾਵੇ।ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਵਿਰੁੱਧ ਆਰ.ਟੀ.ਆਈ. ਐਕਟ, 2005 ਤਹਿਤ ਬਣਦੀ ਇਕਤਰਫਾ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ । **ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਦਫਤਰ ਪੰਜਾਬ ਮੈਡੀਕਲ ਕੌਂਸਿਲ, ਐਸ.ਏ.ਐਸ. ਨਗਰ ਨੂੰ ਪੇਸ਼ੀ ਤੇ ਹਾਜ਼ਰ ਹੋਣ ਤੋਂ ਛੋਟ ਦਿੱਤੀ ਜਾਂਦੀ ਹੈ।** ਇਹ ਕੇਸ **ਅਗਲੀ ਸੁਣਵਾਈ ਮਿਤੀ 23-01-2019 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 17 ਦਸੰਬਰ, 2018.**

**ਕਾਪੀ:-**

**(ਰਜਿਸਟਰਡ)** ਲੋਕ ਸੂਚਨਾ ਅਧਿਕਾਰੀ,
ਦਫ਼ਤਰ ਪੰਜਾਬ ਨਰਸਿਜ਼ ਰਜਿਸਟਰੇਸ਼ਨ ਕੌਂਸਿਲ,
ਮੈਡੀਕਲ ਸਿੱਖਿਆ ਭਵਨ, ਸੈਕਟਰ-69,
ਮੁਹਾਲੀ,

ਨੂੰ ਤੁਰੰਤ ਲੋੜੀਂਦੀ ਕਾਰਵਾਈ ਹਿੱਤ।

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਗਗਨਦੀਪ ਸਿੰਘ ਜੰਜੂਆ(9780643243)
ਪਿੰਡ: ਤੁਰਾ ਡਾਕ: ਕੁੰਭ ਤਹਿ: ਅਮਲੋਹ,
ਜਿਲ੍ਹਾ: ਫਤਿਹਗੜ੍ਹ ਸਾਹਿਬ। -----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਤਹਿਸੀਲਦਾਰ, ਬੰਗਾ,
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ।

ਪਹਿਲੀ ਅਪੀਲੀ ਅਥਾਰਟੀ
ਦਫਤਰ ਉਪ ਮੰਡਲ ਮੈਜਿਸਟਰੇਟ, ਬੰਗਾ,
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ। ------ਉੱਤਰਦਾਤਾ

**ਅਪੀਲ ਕੇਸ ਨੰ:557 ਆਫ 2018**

**ਹਾਜ਼ਰ:-**

1) ਅਪੀਲਕਰਤਾ ਵੱਲੋ ਕੋਈ ਨਹੀਂ।
2) ਉੱਤਰਦਾਤਾ ਵੱਲੋਂ ਵੀ ਕੋਈ ਨਹੀਂ।

**ਹੁਕਮ:-**

ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋ ਅੱਜ ਹਾਜ਼ਰ ਨਾ ਹੋਣ ਬਾਰੇ ਈ.ਮੇਲ ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਇਹ ਵੀ ਦੱਸਿਆ ਗਿਆ ਹੈ ਕਿ ਉਸ ਨੂੰ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ ਵੱਲੋਂ ਕੋਈ ਵੀ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਭੇਜੀ ਗਈ ਹੈ।

2. ਪਿਛਲੀ ਪੇਸ਼ੀ, ਮਿਤੀ 01-11-2018 ਤੇ ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਮਨਜੀਤ ਰਾਏ, ਪਟਵਾਰੀ ਦਫਤਰ ਤਹਿਸੀਲਦਾਰ, ਬੰਗਾ ਨੇ ਦੱਸਿਆ ਸੀ ਕਿ ਉਨ੍ਹਾਂ ਵੱਲੋਂ ਆਪਣੇ ਦਫ਼ਤਰ ਨਾਲ ਸਬੰਧਤ ਸੂਚਨਾ ਅਪੀਲਕਰਤਾ ਨੂੰ ਪਹਿਲਾਂ ਹੀ ਭੇਜੀ ਜਾ ਚੁੱਕੀ ਹੈ ਪਰੰਤੂ ਅਪੀਲਕਰਤਾ ਵੱਲੋ ਜ਼ੋ ਸਾਲ 1954-55 ਦੇ ਰਿਕਾਰਡ ਦੀ ਮੰਗ ਕੀਤੀ ਜਾ ਰਹੀ ਹੈ, ਉਸ ਸਮੇਂ ਤਹਿਸੀਲ ਨਵਾਂ ਸ਼ਹਿਰ ਅਤੇ ਜ਼ਿਲ੍ਹਾ ਜਲੰਧਰ ਸੀ। ਤਹਿਸੀਲ ਬੰਗਾ ਸਾਲ 2013 ਵਿਚ ਹੋਂਦ ਵਿੱਚ ਆਈ ਹੈ।ਇੰਤਕਾਲ ਨੰਬਰ 1153 ਦੇ ਮੁੱਠੇ ਦੇ ਨਾਲ ਪਿੰਡ ਚੱਕ ਕਲਾਲ ਦਾ ਰਿਕਾਰਡ ਅਪੀਲਕਰਤਾ ਨੂੰ ਮੁਹੱਈਆ ਕਰਵਾਇਆ ਜਾਣਾ ਹੈ ਜੋ ਕਿ ਅਸਲ ਇੰਤਕਾਲ ਨੰਬਰ 1153 ਪਿੰਡ ਚੱਕ ਕਲਾਲ ਪ੍ਰਾਪਤ ਹੋ ਚੁੱਕਾ ਹੈ ਜਿਸ ਦੀ ਕਾਪੀ ਅਪੀਲਕਰਤਾ ਨੂੰ ਮੁਹੱਈਆ ਕਰਵਾ ਦਿੱਤੀ ਗਈ ਸੀ। ਪਰ ਉਸ ਦੇ ਨਾਲ ਦਾ ਮਤਫਰਕ ਕਾਗਜਾਤ ਦਾ ਮੁੱਠਾ ਤਹਿਸੀਲਦਾਰ ਦੁਫਤਰ ਨਵਾਂ ਸ਼ਹਿਰ ਦਫ਼ਤਰ ਕਾਨੂੰਗੋ ਬਰਾਂਚ ਵਿੱਚ ਹੈ। ਇਸ ਲਈ ਉਨ੍ਹਾਂ ਵੱਲੋਂ ਤਹਿਸੀਲਦਾਰ ਨਵਾਂ ਸ਼ਹਿਰ ਨੂੰ ਸੰਮਨ ਜਾਰੀ ਕਰਨ ਲਈ ਬੇਨਤੀ ਕੀਤੀ ਗਈ ਸੀ। ਕਿਉਂਕਿ ਅਪੀਲਕਰਤਾ ਨੂੰ ਸੂਚਨਾ ਤਹਿਸੀਲਦਾਰ ਨਵਾਂ ਸ਼ਹਿਰ ਦੇ ਦਫ਼ਤਰ ਵੱਲੋਂ ਮੁਹੱਈਆ ਕਰਵਾਈ ਜਾਣੀ ਬਣਦੀ ਸੀ ਇਸ ਲਈ ਲੋਕ ਸੂਚਨਾ ਅਧਿਕਾਰੀ ਦਫ਼ਤਰ ਤਹਿਸੀਲਦਾਰ ਨਵਾਂ ਸ਼ਹਿਰ ਨੂੰ ਹਦਾਇਤ ਕੀਤੀ ਗਈ ਸੀ ਕਿ ਆਰ.ਟੀ.ਆਈ. ਐਕਟ, 2005 ਤਹਿਤ ਬਣਦੀ ਸੂਚਨਾ ਅਪੀਲਕਰਤਾ ਨੂੰ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਰਜਿਸਟਰਡ ਡਾਕ ਦੁਆਰਾ ਭੇਜ ਕੇ ਪੇਸ਼ੀ ਤੇ ਹਾਜ਼ਰ

ਚਲਦਾ---ਪੰਨਾ/2

ਹੋਣਾ ਵੀ ਯਕੀਨੀ ਬਣਾਇਆ ਜਾਵੇ। ਪਰੰਤੂ ਉਨ੍ਹਾਂ ਵੱਲੋਂ ਕਮਿਸ਼ਨ ਦੇ ਹੁਕਮਾਂ ਦੀ ਕੋਈ ਪ੍ਰਵਾਹ ਨਾ ਕਰਦੇ ਹੋਏ ਅਜੇ ਤੱਕ ਨਾ ਤਾਂ ਅਪੀਲਕਰਤਾ ਨੂੰ ਮੰਗੀ ਗਈ ਸੂਚਨਾ ਮੁਹੱਈਆ ਹੀ ਕਰਵਾਈ ਗਈ ਹੈ ਅਤੇ ਨਾ ਹੀ ਉਨ੍ਹਾਂ ਵੱਲੋਂ ਅੱਜ ਪੇਸ਼ੀ ਤੇ ਕੋਈ ਹਾਜ਼ਰ ਹੋਇਆ ਹੈ। ਇਸ ਕਰਕੇ ਲੋਕ ਸੂਚਨਾ ਅਧਿਕਾਰੀ ਦਫ਼ਤਰ ਤਹਿਸੀਲਦਾਰ ਨਵਾਂ ਸ਼ਹਿਰ ਨੂੰ ਮੁੜ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਦੇ ਬਿਨੈ-ਪੱਤਰ ਅਨੁਸਾਰ ਆਰ.ਟੀ.ਆਈ. ਐਕਟ, 2005 ਤਹਿਤ ਬਣਦੀ ਸੂਚਨਾ ਅਪੀਲਕਰਤਾ ਨੂੰ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਮੁਹੱਈਆ ਕਰਵਾਈ ਜਾਵੇ ਅਤੇ ਅਗਲੀ ਪੇਸ਼ੀ ਤੇ ਹਾਜ਼ਰ ਹੋ ਕੇ ਪਿਛਲੀ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਸਪੱਸ਼ਟੀਕਰਣ ਵੀ ਪੇਸ਼ ਕੀਤਾ ਜਾਵੇ।ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਵਿਰੁੱਧ ਆਰ.ਟੀ.ਆਈ. ਐਕਟ, 2005 ਤਹਿਤ ਬਣਦੀ ਇਕਤਰਫਾ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ । ਇਹ ਕੇਸ **ਅਗਲੀ ਸੁਣਵਾਈ ਮਿਤੀ 23-01-2019 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 17 ਦਸੰਬਰ, 2018.**

**ਕਾਪੀ:-**

**(ਰਜਿਸਟਰਡ)** ਲੋਕ ਸੂਚਨਾ ਅਧਿਕਾਰੀ,
ਦਫ਼ਤਰ ਤਹਿਸੀਲਦਾਰ, ਨਵਾਂ ਸ਼ਹਿਰ,

ਨੂੰ ਤੁਰੰਤ ਲੋੜੀਂਦੀ ਕਾਰਵਾਈ ਹਿੱਤ।

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਰਮਨਦੀਪ ਸਿੰਘ ਆਹਲੂਵਾਲੀਆ, (94175-94553)
ਵਾਰਡ ਨੰ:18, ਗਲੀ ਨੰ:2,
ਕਰਤਾਰ ਨਗਰ, ਅਮਲੋਹ ਰੋਡ,
ਖੰਨਾ-141401,
ਜ਼ਿਲ੍ਹਾ ਲੁਧਿਆਣਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤ਼ਰ ਨਿਗਰਾਨ ਇੰਜੀਨੀਅਰ,
ਕੰਸਟ੍ਰਕਸ਼ਨ ਸਰਕਲ,
ਲੋਕ ਨਿਰਮਾਣ ਵਿਭਾਗ (ਇਮਾਰਤਾਂ ਤੇ ਸੜਕਾਂ),
ਸੰਗਰੂਰ।

ਪਹਿਲੀ ਅਪੀਲੀ ਅਥਾਰਟੀ,
ਦਫਤ਼ਰ ਮੁੱਖ ਇੰਜੀਨੀਅਰ (ਸੈਂਟਰਲ),
ਹੈੱਡ ਆਫਿਸ, ਲੋਕ ਨਿਰਮਾਣ ਵਿਭਾਗ,
(ਇਮਾਰਤਾਂ ਤੇ ਸੜਕਾਂ),
ਪਟਿਆਲਾ। ------ਉੱਤਰਦਾਤਾ

**ਅਪੀਲ ਕੇਸ ਨੰ: 2939 ਆਫ 2018**

**ਹਾਜ਼ਰ:-** 1) ਅਪੀਲਕਰਤਾ ਵੱਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਮੇਜਰ ਸਿੰਘ, ਜੂਨੀਅਰ ਸਹਾਇਕ (75080-01412)।

**ਹਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 22-02-2018 ਨੂੰ ਲੋਕ ਸੂਚਨਾ ਅਧਿਕਾਰੀ, ਦਫਤਰ ਨਿਗਰਾਨ ਇੰਜੀਨੀਅਰ, ਕੰਸਟ੍ਰਕਸ਼ਨ ਸਰਕਲ, ਲੋਕ ਨਿਰਮਾਣ ਵਿਭਾਗ (ਇਮਾਰਤਾਂ ਤੇ ਸੜਕਾਂ), ਸੰਗਰੂਰ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਉਸ ਵੱਲੋਂ ਐਨਲਿਸਟ ਨੰ:14451, ਮਿਤੀ 18-06-2018 ਨਾਲ ਸਬੰਧਤ "The Sarvaya Co-op. L&C Society Ltd." ਸਬੰਧੀ 2 ਨੁਕਤਿਆਂ ਬਾਰੇ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 19-04-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਪਹਿਲੀ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਮਿਤੀ 31-08-2018 ਨੂੰ ਅਪੀਲਕਰਤਾ ਨੇ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 04-10-2018 ਨੂੰ ਪਹਿਲੀ ਸੁਣਵਾਈ, ਮਿਤੀ 01-11-2018 ਨੂੰ ਸਵੇਰੇ 11-30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਮੇਜਰ ਸਿੰਘ, ਜੂਨੀਅਰ ਸਹਾਇਕ ਨੇ ਪੱਤਰ ਨੰ:3743-44, ਮਿਤੀ 09-11-2018 ਪੇਸ਼ ਕੀਤਾ ਹੈ ਜਿਸ ਰਾਹੀਂ ਅਪੀਲਕਰਤਾ ਨੂੰ ਸੂਚਨਾ ਭੇਜੀ ਜਾ ਚੁੱਕੀ ਹੈ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ, ਮਿਸਲ ਤੇ ਰੱਖ ਲਿਆ ਗਿਆ ਹੈ। ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਈ.ਮੇਲ ਰਾਹੀਂ ਕਮਿਸ਼ਨ ਨੂੰ ਸੂਚਿਤ ਕੀਤਾ ਗਿਆ ਹੈ ਕਿ ਉਸ ਨੂੰ ਮਿਤੀ 17-12-2018 ਨੂੰ ਸੂਚਨਾ ਪ੍ਰਾਪਤ ਹੋ ਚੁੱਕੀ ਹੈ ਅਤੇ ਕੇਸ ਬੰਦ ਕਰਨ ਲਈ ਬੇਨਤੀ ਕੀਤੀ ਗਈ ਹੈ।ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 17 ਦਸੰਬਰ, 2018.**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਰਮਨਦੀਪ ਸਿੰਘ ਆਹਲੂਵਾਲੀਆ, (94175-94553)
ਵਾਰਡ ਨੰ:18, ਗਲੀ ਨੰ:2,
ਕਰਤਾਰ ਨਗਰ, ਅਮਲੋਹ ਰੋਡ,
ਖੰਨਾ-141401,
ਜ਼ਿਲ੍ਹਾ ਲੁਧਿਆਣਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤ਼ਰ ਕਾਰਜਕਾਰੀ ਇੰਜੀਨੀਅਰ,
ਪ੍ਰੋਵਿਜ਼ਨਲ ਡਿਵੀਜ਼ਨ,
ਲੋਕ ਨਿਰਮਾਣ ਵਿਭਾਗ (ਇਮਾਰਤਾਂ ਤੇ ਸੜਕਾਂ),
ਫਿਰੋਜ਼ਪੁਰ।

ਪਹਿਲੀ ਅਪੀਲੀ ਅਥਾਰਟੀ,
ਦਫਤ਼ਰ ਮੁੱਖ ਇੰਜੀਨੀਅਰ (ਦੱਖਣੀ),
ਹੈੱਡ ਆਫਿਸ, ਲੋਕ ਨਿਰਮਾਣ ਵਿਭਾਗ,
(ਇਮਾਰਤਾਂ ਤੇ ਸੜਕਾਂ), ਪਟਿਆਲਾ। ------ਉੱਤਰਦਾਤਾ

**ਅਪੀਲ ਕੇਸ ਨੰ: 2940 ਆਫ 2018**

**ਹਾਜ਼ਰ:-**
1) ਅਪੀਲਕਰਤਾ ਵੱਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਦੀਪਕ ਕਟਾਰੀਆ, ਜੂਨੀਅਰ ਸਹਾਇਕ (79862-75611)।

**ਹਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 22-02-2018 ਨੂੰ ਲੋਕ ਸੂਚਨਾ ਅਧਿਕਾਰੀ, ਦਫਤਰ ਕਾਰਜਕਾਰੀ ਇੰਜੀਨੀਅਰ, ਪ੍ਰੋਵਿਜ਼ਨਲ ਡਿਵੀਜ਼ਨ, ਲੋਕ ਨਿਰਮਾਣ ਵਿਭਾਗ (ਇਮਾਰਤਾਂ ਤੇ ਸੜਕਾਂ), ਫਿਰੋਜ਼ਪੁਰ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਉਸ ਵੱਲੋਂ ਐਨਲਿਸਟ ਨੰ:3945, ਮਿਤੀ 31-12-2013 ਨਾਲ ਸਬੰਧਤ "The Durga Co-op. L&C Society Ltd." ਸਬੰਧੀ 3 ਨੁਕਤਿਆਂ ਬਾਰੇ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 19-04-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਪਹਿਲੀ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਮਿਤੀ 31-08-2018 ਨੂੰ ਅਪੀਲਕਰਤਾ ਨੇ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 04-10-2018 ਨੂੰ ਪਹਿਲੀ ਸੁਣਵਾਈ, ਮਿਤੀ 01-11-2018 ਨੂੰ ਸਵੇਰੇ 11-30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਈ.ਮੇਲ ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਪੇਸ਼ੀ ਲਈ ਅਗਲੀ ਮਿਤੀ ਦੀ ਮੰਗ ਕੀਤੀ ਗਈ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਦੀਪਕ ਕਟਾਰੀਆ, ਜੂਨੀਅਰ ਸਹਾਇਕ ਨੇ ਪੱਤਰ ਨੰ:2075/ਐਮ.ਸੀ., ਮਿਤੀ 13-12-2018 ਦੀ ਦਫ਼ਤਰੀ ਕਾਪੀ ਪੇਸ਼ ਕਰਦੇ ਹੋਏ ਦੱਸਿਆ ਗਿਆ ਹੈ ਕਿ ਅਪੀਲਕਰਤਾ ਨੂੰ ਮਿਤੀ 13-12-2018

ਚਲਦਾ---ਪੰਨਾ/2

**<u>ਅਪੀਲ ਕੇਸ ਨੰ: 2940 ਆਫ 2018</u>**

ਨੂੰ ਸੂਚਨਾ ਭੇਜੀ ਜਾ ਚੁੱਕੀ ਹੈ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ, ਮਿਸਲ ਤੇ ਰੱਖ ਲਿਆ ਗਿਆ ਹੈ। ਹਾਜ਼ਰ ਉੱਤਰਦਾਤਾ ਨੂੰ ਅਪੀਲਕਰਤਾ ਦੀ ਆਰ.ਟੀ.ਆਈ. ਆਰਜ਼ੀ ਮਿਤੀ 22-02-2018 ਦੇ ਸਬੰਧ ਵਿੱਚ ਸੂਚਨਾ ਬਹੁਤ ਲੇਟ ਦੇਣ ਬਾਰੇ ਪੁੱਛਿਆ ਗਿਆ ਤਾਂ ਉਸ ਵੱਲੋਂ ਆਪਣੇ ਲਿਖਤੀ ਬਿਆਨ, ਮਿਤੀ 17-12-2018 ਰਾਹੀਂ ਦੱਸਿਆ ਗਿਆ ਕਿ ਮਿਤੀ 04-04-2018 ਤੋਂ 18-10-2018 ਤੱਕ ਉਨ੍ਹਾਂ ਦੇ ਦਫਤਰ ਵਿੱਚ 8 ਕਾਰਜਕਾਰੀ ਇੰਜੀਨੀਅਰਾਂ ਦੀਆਂ ਬਦਲੀਆਂ/ਤੈਨਾਤੀਆਂ ਹੋਈਆਂ, ਜਿਸ ਕਾਰਨ ਅਪੀਲਕਰਤਾ ਦੀ ਅਰਜ਼ੀ ਤੇ ਕੋਈ ਕਾਰਵਾਈ ਨਹੀਂ ਹੋ ਸਕੀ। ਪਰੰਤੂ ਉਸ ਵੱਲੋਂ ਭਵਿੱਖ ਵਿੱਚ ਆਰ.ਟੀ.ਆਈ. ਐਕਟ, 2005 ਨਾਲ ਸਬੰਧਤ ਮਾਮਲਿਆਂ ਨੂੰ ਸਮੇਂ ਸਿਰ ਨਿਪਟਾਉਣ ਵੱਲ ਵਿਸ਼ੇਸ਼ ਧਿਆਨ ਦਿੱਤੇ ਜਾਣ ਦਾ ਭਰੋਸਾ ਦਿੱਤਾ ਗਿਆ ਹੈ। ਉੱਤਰਦਾਤਾ ਵੱਲੋਂ ਅਪੀਲਕਰਤਾ ਨੂੰ ਦਿੱਤੀ ਗਈ ਸੂਚਨਾ ਕਮਿਸ਼ਨ ਵੱਲੋਂ ਤਸੱਲੀਬਖਸ਼ ਪਾਈ ਗਈ ਹੈ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **<u>ਅਪੀਲ ਕੇਸ ਦਾਖਲ ਦਫ਼ਤਰ</u>** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

**ਮਿਤੀ: ਚੰਡੀਗੜ੍ਹ, 17 ਦਸੰਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਰਮਨਦੀਪ ਸਿੰਘ ਆਹਲੂਵਾਲੀਆ, (94175-94553)
ਵਾਰਡ ਨੰ:18, ਗਲੀ ਨੰ:2,
ਕਰਤਾਰ ਨਗਰ, ਅਮਲੋਹ ਰੋਡ,
ਖੰਨਾ-141401,
ਜ਼ਿਲ੍ਹਾ ਲੁਧਿਆਣਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤ਼ਰ ਮੁੱਖ ਇੰਜੀਨੀਅਰ (ਉੱਤਰੀ),
ਹੈੱਡ ਆਫਿਸ, ਲੋਕ ਨਿਰਮਾਣ ਵਿਭਾਗ,
(ਇਮਾਰਤਾਂ ਤੇ ਸੜਕਾਂ),
ਪਟਿਆਲਾ।

ਪਹਿਲੀ ਅਪੀਲੀ ਅਥਾਰਟੀ,
ਦਫਤ਼ਰ ਵਧੀਕ ਸਕੱਤਰ, ਲੋਕ ਨਿਰਮਾਣ ਵਿਭਾਗ,
(ਇਮਾਰਤਾਂ ਤੇ ਸੜਕਾਂ), ਪੰਜਾਬ,
ਚੰਡੀਗੜ੍ਹ। ------ਉੱਤਰਦਾਤਾ

**ਅਪੀਲ ਕੇਸ ਨੰ: 2941 ਆਫ 2018**

**ਹਾਜ਼ਰ:-** 1) ਅਪੀਲਕਰਤਾ ਵੱਲੋਂ ਕੋਈ ਨਹੀਂ।
2) ਉੱਤਰਦਾਤਾ (ਪਹਿਲੀ ਅਪੀਲੀ ਅਥਾਰਟੀ) ਵੱਲੋਂ ਸ਼੍ਰੀ ਗੁਰਕਰਨਬੀਰ ਸਿੰਘ, ਸੀਨੀਅਰ ਸਹਾਇਕ, ਦਫ਼ਤਰ ਵਧੀਕ ਸਕੱਤਰ, ਲੋਕ ਨਿਰਮਾਣ ਵਿਭਾਗ (ਇਮਾਰਤਾਂ ਤੇ ਸੜਕਾਂ-1 ਸ਼ਾਖਾ)।

**ਹਕਮ:**

ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਈ.ਮੇਲ ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਇਹ ਵੀ ਦੱਸਿਆ ਗਿਆ ਹੈ ਕਿ ਉਸ ਨੂੰ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਸ ਵੱਲੋਂ ਸੂਚਨਾ ਮੁਹੱਈਆ ਕਰਾਉਣ ਦੀ ਬੇਨਤੀ ਕਰਦੇ ਹੋਏ ਪੇਸ਼ੀ ਅਗਲੀ ਮਿਤੀ ਦੀ ਮੰਗ ਕੀਤੀ ਗਈ ਹੈ।

2. ਉੱਤਰਦਾਤਾ (ਪਹਿਲੀ ਅਪੀਲੀ ਅਥਾਰਟੀ) ਵੱਲੋਂ ਹਾਜ਼ਰ ਸ਼੍ਰੀ ਗੁਰਕਰਨਬੀਰ ਸਿੰਘ, ਸੀਨੀਅਰ ਸਹਾਇਕ, ਦਫ਼ਤਰ ਵਧੀਕ ਸਕੱਤਰ, ਲੋਕ ਨਿਰਮਾਣ ਵਿਭਾਗ (ਇਮਾਰਤਾਂ ਤੇ ਸੜਕਾਂ-1 ਸ਼ਾਖਾ) ਨੇ ਦੱਸਿਆ ਹੈ ਕਿ ਅਪੀਲਕਰਤਾ ਨੇ ਸੂਚਨਾ, ਲੋਕ ਸੂਚਨਾ ਅਧਿਕਾਰੀ, ਦਫਤ਼ਰ ਮੁੱਖ ਇੰਜੀਨੀਅਰ (ਉੱਤਰੀ),ਹੈੱਡ ਆਫਿਸ, ਲੋਕ ਨਿਰਮਾਣ ਵਿਭਾਗ, (ਇਮਾਰਤਾਂ ਤੇ ਸੜਕਾਂ), ਪਟਿਆਲਾ ਤੋਂ ਮੰਗੀ ਹੈ ਅਤੇ ਇਸ ਦੀ ਪਹਿਲੀ ਅਪੀਲੀ ਅਥਾਰਟੀ ਵੀ ਉਸੇ ਦਫ਼ਤਰ ਵਿਖੇ ਹੀ ਹੈ ਅਤੇ ਇਸ ਦਾ ਸਬੰਧ (ਪਹਿਲੀ ਅਪੀਲੀ ਅਥਾਰਟੀ) ਦਫ਼ਤਰ ਵਧੀਕ ਸਕੱਤਰ, ਲੋਕ ਨਿਰਮਾਣ ਵਿਭਾਗ (ਇਮਾਰਤਾਂ ਤੇ ਸੜਕਾਂ-1 ਸ਼ਾਖਾ) ਨਾਲ ਨਹੀਂ ਹੈ। ਇਸ ਦੇ ਬਾਵਜੂਦ ਵੀ ਉਨ੍ਹਾਂ ਵੱਲੋਂ ਆਪਣੇ ਪੱਤਰ ਨੰ:19/25/2018-ਇਸ1(3)/1342503/2, ਮਿਤੀ 30-10-2018 ਰਾਹੀਂ ਮੁੱਖ ਇੰਜੀਨੀਅਰ (ਹੈੱਡ ਕੁਆਰਟਰ) ਪੰਜਾਬ ਲੋਕ ਨਿਰਮਾਣ ਵਿਭਾਗ, (ਇਮਾਰਤਾਂ ਤੇ ਸੜਕਾਂ), ਪਟਿਆਲਾ ਨੂੰ ਇਸ ਮਾਮਲੇ ਵਿੱਚ ਕਾਨੂੰਨ ਮੁਤਾਬਿਕ ਮਿੱਥੇ

ਚਲਦਾ----ਪੰਨਾ/2

**<u>ਅਪੀਲ ਕੇਸ ਨੰ: 2941 ਆਫ 2018</u>**

ਸਮੇਂ ਅੰਦਰ ਨਿਪਟਾਰਾ ਕਰਨ ਅਤੇ ਰਾਜ ਸੂਚਨਾ ਕਮਿਸ਼ਨ ਵਿਖੇ ਕੋਰਟ ਅਟੈਂਡ ਕਰਨ ਦੀ ਹਦਾਇਤ ਕੀਤੀ ਜਾ ਚੁੱਕੀ ਹੈ।

3. ਲੋਕ ਸੂਚਨਾ ਅਧਿਕਾਰੀ, ਦਫਤ਼ਰ ਮੁੱਖ ਇੰਜੀਨੀਅਰ (ਉੱਤਰੀ), ਹੈੱਡ ਆਫਿਸ, ਲੋਕ ਨਿਰਮਾਣ ਵਿਭਾਗ, (ਇਮਾਰਤਾਂ ਤੇ ਸੜਕਾਂ), ਪਟਿਆਲਾ ਵੱਲੋਂ ਕੋਈ ਵੀ ਹਾਜ਼ਰ ਨਹੀਂ ਹੋਇਆ ਪਰੰਤੂ ਉਨ੍ਹਾਂ ਵੱਲੋਂ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ (ਇਮਾਰਤਾਂ ਤੇ ਸੜਕਾਂ ਸ਼ਾਖਾ) ਸਰਹਿੰਦ ਨੇ ਪੰਚਾਇਤੀ ਚੋਣਾਂ ਕਾਰਨ ਅੱਜ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਈ.ਮੇਲ ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਪੇਸ਼ੀ ਲਈ ਅਗਲੀ ਮਿਤੀ ਦੀ ਮੰਗ ਕੀਤੀ ਹੈ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਦਫਤ਼ਰ ਮੁੱਖ ਇੰਜੀਨੀਅਰ (ਉੱਤਰੀ),ਹੈੱਡ ਆਫਿਸ, ਲੋਕ ਨਿਰਮਾਣ ਵਿਭਾਗ, (ਇਮਾਰਤਾਂ ਤੇ ਸੜਕਾਂ), ਪਟਿਆਲਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਦੇ ਬਿਨੈ-ਪੱਤਰ ਅਨੁਸਾਰ ਆਰ.ਟੀ.ਆਈ. ਐਕਟ, 2005 ਤਹਿਤ ਬਣਦੀ ਸੂਚਨਾ ਅਪੀਲਕਰਤਾ ਨੂੰ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਮੁਹੱਈਆ ਕਰਵਾਈ ਜਾਵੇ ਅਤੇ ਪੇਸ਼ੀ ਦੀ ਮਿਤੀ ਤੇ ਨਿੱਜੀ ਤੌਰ ਤੇ ਹਾਜ਼ਰ ਹੋਣਾ ਵੀ ਯਕੀਨੀ ਬਣਾਇਆ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਵਿਰੁੱਧ ਸੂਚਨਾ ਦਾ ਅਧਿਕਾਰ ਐਕਟ, 2005 ਤਹਿਤ ਬਣਦੀ ਇਕਤਰਫਾ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ। **ਉੱਤਰਦਾਤਾ (ਪਹਿਲੀ ਅਪੀਲੀ ਅਥਾਰਟੀ) ਦਫ਼ਤਰ ਵਧੀਕ ਸਕੱਤਰ, ਲੋਕ ਨਿਰਮਾਣ ਵਿਭਾਗ (ਇਮਾਰਤਾਂ ਤੇ ਸੜਕਾਂ-1 ਸ਼ਾਖਾ) ਪੰਜਾਬ ਨੂੰ ਪੇਸ਼ੀ ਤੇ ਹਾਜ਼ਰ ਹੋਣ ਤੋਂ ਛੋਟ ਦਿੱਤੀ ਜਾਂਦੀ ਹੈ।** ਅਪੀਲਕਰਤਾ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ। ਇਸ ਲਈ ਇਹ ਕੇਸ **<u>ਅਗਲੀ ਸੁਣਵਾਈ ਮਿਤੀ 22-01-2019 ਨੂੰ 11.30 ਵਜੇ ਲਈ</u> ਨਿਸਚਿਤ ਕੀਤਾ ਜਾਂਦਾ ਹੈ।**

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 17 ਦਸੰਬਰ, 2018.**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਜਸਬੀਰ ਸਿੰਘ, (98882-96107)
ਵਾਸੀ ਪਿੰਡ ਭੋਲਾਪੁਰ ਝਾਬੇਵਾਲ,
ਡਾਕਖਾਨਾ ਰਾਮਗੜ੍ਹ,
ਜ਼ਿਲ੍ਹਾ ਲੁਧਿਆਣਾ-123455. ..........ਅਪੀਲਕਰਤਾ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਫੂਡ ਸੇਫਟੀ ਅਫਸਰ,
ਮੋਗਾ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਸਿਵਲ ਸਰਜਨ,
ਮੋਗਾ। ........ ਉੱਤਰਦਾਤਾ

**ਅਪੀਲ ਕੇਸ ਨੰ:2677 ਆਫ਼ 2018**

**ਹਾਜ਼ਰ:-**

1) ਸ਼੍ਰੀ ਜਸਬੀਰ ਸਿੰਘ, ਅਪੀਲਕਰਤਾ।
2) ਉੱਤਰਦਾਤਾ ਵੱਲੋਂ ਕੋਈ ਵੀ ਨਹੀਂ।

**ਹਕਮ:**

ਅੱਜ ਪੇਸ਼ੀ ਸਮੇਂ ਅਪੀਲਕਰਤਾ ਨੇ ਹਾਜ਼ਰ ਹੋ ਦੱਸਿਆ ਹੈ ਕਿ ਉਸ ਨੂੰ ਅਜੇ ਤੱਕ ਲੋੜੀਂਦੀ ਸੂਚਨਾ ਪ੍ਰਾਪਤ ਨਹੀਂ ਹੋਈ।ਇਸ ਲਈ ਉਸ ਵੱਲੋਂ ਸੂਚਨਾ ਜਲਦੀ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਗਈ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਅੱਜ ਕੋਈ ਵੀ ਹਾਜ਼ਰ ਨਹੀਂ ਹੋਇਆ ਪਰੰਤੂ ਉਨ੍ਹਾਂ ਵੱਲੋਂ ਮੈਡੀਕਲ ਫਿਟਨੈੱਸ ਸਮੱਸਿਆ ਕਾਰਨ ਅੱਜ ਹਾਜ਼ਰ ਨਾ ਹੋਣ ਬਾਰੇ ਈ.ਮੇਲ ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਪੇਸ਼ੀ ਲਈ ਅਗਲੀ ਮਿਤੀ ਦੀ ਮੰਗ ਕੀਤੀ ਗਈ ਹੈ।

2. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਲਗਾਤਾਰ ਤਿੰਨ ਪੇਸ਼ੀਆਂ ਤੇ ਹਾਜ਼ਰ ਨਹੀਂ ਹੋਏ ਅਤੇ ਉਨ੍ਹਾਂ ਵੱਲੋਂ ਕਿਸੇ ਨਾ ਕਿਸੇ ਬਹਾਨੇ ਪੇਸ਼ੀ ਲਈ ਅਗਲੀ ਮਿਤੀ ਦੀ ਮੰਗ ਕੀਤੀ ਜਾ ਰਹੀ ਹੈ ਜ਼ੋ ਕਿ ਵਾਜਿਬ ਨਹੀਂ ਹੈ ਜਦੋਂ ਕਿ ਅਪੀਲਕਰਤਾ ਲਗਾਤਾਰ ਪੇਸ਼ੀ ਤੇ ਹਾਜ਼ਰ ਹੋ ਰਿਹਾ ਹੈ ਜਿਸ ਕਾਰਨ ਉਸ ਨੂੰ ਮਾਨਸਿਕ ਤੇ ਆਰਥਿਕ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਸੂਚਨਾ ਦਾ ਅਧਿਕਾਰ ਐਕਟ, 2005 ਦੀ ਧਾਰਾ 19(8)(ਅ) ਤਹਿਤ ਹਦਾਇਤ ਕੀਤੀ ਜਾਂਦੀ ਹੈ ਕਿ ਮੁਆਵਜ਼ੇ ਵਜੋਂ 2000/-ਰੁਪਏ (ਕੇਵਲ ਦੋ ਹਜ਼ਾਰ ਰੁਪਏ) ਦੀ ਰਾਸ਼ੀ ਦੀ ਅਪੀਲਕਰਤਾ ਨੂੰ ਬੈਂਕ ਡਰਾਫ਼ਟ ਰਾਹੀਂ ਅਦਾਇਗੀ ਕਰਕੇ ਸਬੂਤ ਵਜੋਂ ਰਸੀਦ ਪੇਸ਼ੀ ਦੀ ਅਗਲੀ ਮਿਤੀ ਤੇ ਕਮਿਸ਼ਨ ਨੂੰ ਪੇਸ਼ ਕੀਤੀ ਜਾਵੇ।

3. ਉਕਤ ਤੋਂ ਇਲਾਵਾ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਦੇ ਬਿਨੈ-ਪੱਤਰ ਅਨੁਸਾਰ, ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਤਹਿਤ ਬਣਦੀ ਸੂਚਨਾ ਅਪੀਲਕਰਤਾ ਨੂੰ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਮੁਹੱਈਆ ਕਰਵਾਈ ਜਾਵੇ ਅਤੇ ਪੇਸ਼ੀ ਤੇ ਨਿੱਜੀ ਤੌਰ ਤੇ ਹਾਜ਼ਰ ਹੋਣਾ ਵੀ ਯਕੀਨੀ ਬਣਾਇਆ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਵਿਰੁੱਧ ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਤਹਿਤ ਬਣਦੀ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 22-01-2018 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 17 ਦਸੰਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਤੇਜਿੰਦਰ ਸਿੰਘ, ਐਡਵੋਕੇਟ, (90410-04313)
ਪਿੰਡ ਭੋਲਾਪੁਰ,
ਡਾਕਖਾਨਾ ਰਾਮਗੜ੍ਹ,
ਚੰਡੀਗੜ੍ਹ ਰੋਡ,
ਲੁਧਿਆਣਾ-141123. ...........ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਨਗਰ ਕੌਂਸਿਲ,
ਮੋਰਿੰਡਾ।
ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ, ਲੁਧਿਆਣਾ। ........ ਉੱਤਰਦਾਤਾ

**ਅਪੀਲ ਕੇਸ ਨੰ:2720 ਆਫ਼ 2018**

**ਹਾਜ਼ਰ:-** 1) ਸ਼੍ਰੀ ਤੇਜਿੰਦਰ ਸਿੰਘ, ਐਡਵੋਕੇਟ, ਅਪੀਲਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਸਤੀਸ਼ ਕੁਮਾਰ, ਜੂਨੀਅਰ ਸਹਾਇਕ ਦਫ਼ਤਰ ਕਾਰਜ ਸਾਧਕ ਅਫਸਰ, ਮੋਰਿੰਡਾ (97800-33567)।

**ਹਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ,2005 ਅਧੀਨ ਇਕ ਬਿਨੈ ਪੱਤਰ ਮਿਤੀ 28-01-2018, ਲੋਕ ਸੂਚਨਾ ਅਧਿਕਾਰੀ ਦਫਤਰ ਨਗਰ ਕੌਂਸਿਲ, ਮੋਰਿੰਡਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵੱਲੋਂ ਜਨਵਰੀ, 2014 ਤੋਂ ਜਨਵਰੀ 2018 ਤੱਕ ਕੱਟੇ ਗਏ ਚਲਾਨ ਅਤੇ ਚਲਾਣਾਂ ਤੋਂ ਪ੍ਰਾਪਤ ਹੋਈ ਆਮਦਨ ਆਦਿ ਨਾਲ ਸਬੰਧਤ 06 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 02-05-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 13-08-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 14-09-2018 ਨੂੰ ਪਹਿਲੀ ਸੁਣਵਾਈ ਮਿਤੀ 10-10-2018 ਨੂੰ ਸਵੇਰੇ 11:30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ। ਪਰੰਤੂ_ਬਾਅਦ ਵਿੱਚ ਸਰਕਾਰ ਵੱਲੋਂ ਮਿਤੀ 10-10-2018 ਨੂੰ ਸਰਕਾਰੀ ਛੁੱਟੀ ਘੋਸ਼ਿਤ ਕਰਨ ਕਾਰਨ ਇਹ ਕੇਸ ਮਿਤੀ 26-11-2018 ਨੂੰ ਸਵੇਰੇ 11:30 ਵਜੇ ਸੁਣਵਾਈ ਲਈ ਨਿਸਚਿਤ ਕੀਤਾ ਗਿਆ ਸੀ।

2. ਪੇਸ਼ੀ, 26-11-2018 ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ ਸੀ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਜਗਜੀਤ ਸਿੰਘ ਜੱਜ, ਕਾਰਜ ਸਾਧਕ ਅਫਸਰ, ਮੋਰਿੰਡਾ ਵੱਲੋਂ ਜ਼ਬਾਨੀ ਅਤੇ ਆਪਣੇ ਪੱਤਰ ਨੰ:ਐਮ.ਸੀ.ਐਮ.-18/988, ਮਿਤੀ 25-09-2018 ਰਾਹੀਂ ਲਿਖਤੀ ਰੂਪ ਵਿੱਚ ਦੱਸਿਆ ਗਿਆ ਸੀ ਕਿ ਅਪੀਲਕਰਤਾ ਦਾ ਬਿਨੈ-ਪੱਤਰ ਉਨ੍ਹਾਂ ਨੂੰ ਮਿਤੀ 02-02-2018 ਨੂੰ ਪ੍ਰਾਪਤ ਹੋਇਆ ਸੀ ਅਤੇ ਉਨ੍ਹਾਂ ਵੱਲੋਂ ਸੂਚਨਾ ਤਿਆਰ ਕਰਕੇ ਆਪਣੇ ਪੱਤਰ ਨੰ:ਐਮ.ਸੀ.ਐਮੀ-18/115, ਮਿਤੀ 06-02-2018 ਰਾਹੀਂ ਅਪੀਲਕਰਤਾ ਨੂੰ ਬਣਦੀ ਫੀਸ ਜਮ੍ਹਾਂ ਕਰਾਉਣ ਲਈ ਲਿਖਿਆ ਗਿਆ ਸੀ ਪਰੰਤੂ ਅਪੀਲਕਰਤਾ ਵੱਲੋਂ ਬਣਦੀ ਫੀਸ ਜਮ੍ਹਾਂ ਨਹੀਂ ਕਰਵਾਈ ਗਈ

ਚਲਦਾ---ਪੰਨਾ/2

**ਅਪੀਲ ਕੇਸ ਨੰ:2720 ਆਫ਼ 2018**

ਸੀ। ਅਪੀਲਕਰਤਾ ਨੇ ਕਿਹਾ ਸੀ ਕਿ ਉੱਤਰਦਾਤਾ ਵੱਲੋ ਫੀਸ ਜਮ੍ਹਾਂ ਕਰਾਉਣ ਵਾਸਤੇ ਉਸ ਨੂੰ ਲਿਖਿਆ ਗਿਆ ਕੋਈ ਵੀ ਪੱਤਰ ਨਹੀਂ ਮਿਲਿਆ। ਉਸ ਨੇ ਇਹ ਵੀ ਕਿਹਾ ਸੀ ਕਿ ਉਹ ਪਹਿਲੀ ਅਪੀਲੀ ਅਥਾਰਟੀ ਕੋਲ ਵੀ ਪੇਸ਼ੀ ਤੇ ਹਾਜ਼ਰ ਹੋਇਆ ਸੀ ਪਰੰਤੂ ਲੋਕ ਸੂਚਨਾ ਅਧਿਕਾਰੀ ਪੇਸ਼ ਨਹੀਂ ਹੋਏ ਸੀ ਹਾਜ਼ਰ ਉੱਤਰਦਾਤਾ ਅਪੀਲਕਰਤਾ ਨੂੰ ਫੀਸ ਜਮ੍ਹਾਂ ਕਰਾਉਣ ਲਈ ਪੱਤਰ ਲਿਖਣ ਬਾਰੇ ਕੋਈ ਸਬੂਤ ਪੇਸ਼ ਨਹੀਂ ਕਰ ਸਕਿਆ ਸੀ। ਇਸ ਕਰਕੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਮਿਤੀ 06-02-2018 ਦਾ ਡਿਸਪੈਚ ਰਜਿਸਟਰ ਪੇਸ਼ੀ ਦੀ ਅਗਲੀ ਮਿਤੀ ਤੇ ਪੇਸ਼ ਕੀਤਾ ਜਾਵੇ। ਪਹਿਲੀ ਅਪੀਲੀ ਅਥਾਰਟੀ ਨੂੰ ਵੀ ਪੇਸ਼ੀ ਤੇ ਹਾਜ਼ਰ ਹੋਣ ਦੀ ਹਦਾਇਤ ਕੀਤੀ ਗਈ ਸੀ। ਇਸ ਲਈ ਇਹ ਕੇਸ ਅਗਲੀ ਸੁਣਵਾਈ ਮਿਤੀ 17-12-2018 ਨੂੰ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅੱਜ ਫਿਰ ਪੇਸ਼ੀ ਤੇ ਹਾਜ਼ਰ ਅਪੀਲਕਰਤਾ ਨੇ ਕਿਹਾ ਹੈ ਕਿ ਉਸ ਨੂੰ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਸਤੀਸ਼ ਕੁਮਾਰ, ਜੂਨੀਅਰ ਸਹਾਇਕ ਦਫ਼ਤਰ ਕਾਰਜ ਸਾਧਕ ਅਫਸਰ, ਮੋਰਿੰਡਾ ਨੇ ਲੋਕ ਸੂਚਨਾ ਅਧਿਕਾਰੀ ਦੀ ਤਰਫੋਂ ਪੱਤਰ ਨੰ:ਐਮ.ਸੀ.ਐਮ-18/1342, ਮਿਤੀ 14-12-2018 ਪੇਸ਼ ਕੀਤਾ ਹੈ ਜੋ ਕਿ ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਪੱਤਰ ਰਾਹੀਂ ਲੋਕ ਸੂਚਨਾ ਅਧਿਕਾਰੀ ਵੱਲੋਂ ਪੰਚਾਇਤੀ ਚੋਣਾਂ ਵਿੱਚ ਡਿਊਟੀ ਲੱਗੀ ਹੋਣ ਕਾਰਨ ਅੱਜ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਪੇਸ਼ੀ ਲਈ ਅਗਲੀ ਮਿਤੀ ਦੀ ਮੰਗ ਕੀਤੀ ਗਈ ਹੈ। ਇਸ ਤੋਂ ਇਲਾਵਾ ਹਾਜ਼ਰ ਉੱਤਰਦਾਤਾ ਕਰਮਚਾਰੀ ਨੇ ਕਮਿਸ਼ਨ ਦੇ ਅੰਤ੍ਰਿਮ ਹੁਕਮ, ਮਿਤੀ 26-11-2018 ਦੀ ਪਾਲਣਾ ਹਿੱਤ ਦਫ਼ਤਰ ਦਾ ਡਿਸਪੈਚ ਰਜਿਸਟਰ ਵੀ ਪੇਸ਼ ਕੀਤਾ ਹੈ ਜਿਸ ਅਨੁਸਾਰ ਅਪੀਲਕਰਤਾ ਨੂੰ ਫੀਸ ਜਮ੍ਹਾਂ ਕਰਾਉਣ ਲਈ ਪੱਤਰ ਲਿਖੇ ਜਾਣ ਦੀ ਪੁਸ਼ਟੀ ਹੋ ਗਈ ਹੈ। ਸਬੰਧਤ ਕਰਮਚਾਰੀ ਨੇ ਕਿਹਾ ਹੈ ਕਿ ਅਪੀਲਕਰਤਾ ਉਨ੍ਹਾਂ ਦੇ ਦਫ਼ਤਰ ਜਾ ਬਣਦੀ ਫੀਸ ਜਮ੍ਹਾਂ ਕਰਵਾ ਕੇ ਮੰਗੀ ਗਈ ਸੂਚਨਾ ਪ੍ਰਾਪਤ ਕਰ ਸਕਦਾ ਹੈ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉੱਤਰਦਾਤਾ ਦੇ ਦਫਤਰ ਜਾ ਕੇ ਸੂਚਨਾ ਨਾਲ ਸਬੰਧਤ ਰਿਕਾਰਡ ਦੀ ਇੰਸਪੈਕਸ਼ਨ ਕਰਕੇ ਆਰ.ਟੀ.ਆਈ. ਐਕਟ,2005 ਦੇ ਨਿਯਮਾਂ ਤਹਿਤ ਬਣਦੀ ਫੀਸ ਜਮ੍ਹਾਂ ਕਰਵਾ ਕੇ ਲੋੜੀਂਦੀ ਸੂਚਨਾ ਪ੍ਰਾਪਤ ਕਰ ਲਈ ਜਾਵੇ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਵੱਲੋ ਸੂਚਨਾ ਨਾਲ ਸਬੰਧਤ ਰਿਕਾਰਡ ਦੀ ਇੰਸਪੈਕਸ਼ਨ ਕਰਕੇ ਆਰ.ਟੀ.ਆਈ. ਐਕਟ, 2005 ਦੇ ਨਿਯਮਾਂ ਤਹਿਤ ਬਣਦੀ ਫੀਸ ਜਮ੍ਹਾਂ ਕਰਵਾਉਣ ਉਪਰੰਤ ਅਪੀਲਕਰਤਾ ਨੂੰ ਲੋੜੀਂਦੀ ਸੂਚਨਾ ਮੁਹੱਈਆ ਕਰ ਦਿੱਤੀ ਜਾਵੇ। ਇਸ ਹਦਾਇਤ ਨਾਲ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 17 ਦਸੰਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਗੁਰਬਖਸ਼ ਸਿੰਘ, (98557-25870)
#270/7 ਸੀਲ ਰੋਡ,ਬਹਾਦਰਗੜ੍ਹ,
ਪਟਿਆਲਾ। ----ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਚੇਅਰਮੈਨ,
ਨੈਸ਼ਨਲ ਡੈਂਟਲ ਕਾਲਿਜ ਅਤੇ ਹਸਪਤਾਲ,
ਗੁਲਾਬਗੜ੍ਹ ਰੋਡ, ਡੇਰਾ ਬੱਸੀ,
ਜ਼ਿਲ੍ਹਾ ਐਸ.ਐਸ.ਏ. ਨਗਰ।. -----ਉੱਤਰਦਾਤਾ

**ਸ਼ਿਕਾਇਤ ਕੇਸ ਨੰ:1073 ਆਫ਼ 2018**

**ਹਾਜ਼ਰ:-** 1) ਸ਼ਿਕਾਇਤਕਰਤਾ ਵੱਲੋਂ ਕੋਈ ਨਹੀਂ।
2) ਉੱਤਰਦਾਤਾ ਵੱਲੋਂ ਸ਼੍ਰੀ ਐਸ.ਕੇ.ਆਰ. ਤਲੁਕਦਾਰ, ਸੁਪਰਡੰਟ (99146-80523)।

**ਹੁਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ,2005 ਅਧੀਨ ਇਕ ਬਿਨੈ ਪੱਤਰ ਮਿਤੀ 06-09-2018, ਲੋਕ ਸੂਚਨਾ ਅਧਿਕਾਰੀ ਦਫਤਰ ਚੇਅਰਮੈਨ, ਨੈਸ਼ਨਲ ਡੈਂਟਲ ਕਾਲਿਜ ਅਤੇ ਹਸਪਤਾਲ, ਪਟਿਆਲਾ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਉਸ ਵੱਲੋਂ ਸ਼੍ਰੀਮਤੀ ਕਮਲਜੀਤ ਕੌਰ, ਲਾਇਬ੍ਰੇਰੀਅਨ ਦੇ ਤਾਜ਼ਾ ਨਿਯੁਕਤੀ ਪੱਤਰ ਅਤੇ ਮਾਸਿਕ ਤਨਖਾਹ ਬਾਰੇ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 03-10-2018 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਗਈ ਸੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 16-11-2018 ਨੂੰ ਪਹਿਲੀ ਸੁਣਵਾਈ ਮਿਤੀ 17-12-2018 ਨੂੰ ਸਵੇਰੇ 11:30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਸ਼ਿਕਾਇਤਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਮਾਨਯੋਗ ਅਦਾਲਤ, ਅੰਬਾਲਾ ਸਿਟੀ ਵਿਖੇ ਪੇਸ਼ ਹੋਣ ਕਾਰਨ ਅੱਜ ਕਮਿਸ਼ਨ ਵਿਖੇ ਹਾਜ਼ਰ ਨਾ ਹੋਣ ਬਾਰੇ ਈ.ਮੇਲ ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਪੇਸ਼ੀ ਲਈ ਅਗਲੀ ਮਿਤੀ ਦੀ ਮੰਗ ਕੀਤੀ ਗਈ ਹੈ।

3. ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਐਸ.ਕੇ.ਆਰ. ਤਲੁਕਦਾਰ, ਸੁਪਰਡੰਟ ਨੇ ਪੱਤਰ ਨੰ:ਐਨ.ਡੀ.ਸੀ.ਐਚ-2018/636, ਮਿਤੀ 10-12-2018 ਪੇਸ਼ ਕੀਤਾ ਹੈ ਜੋ ਕਿ ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਪੱਤਰ ਰਾਹੀਂ ਉੱਤਰਦਾਤਾ ਵੱਲੋਂ ਕਮਿਸ਼ਨ ਨੂੰ ਸੂਚਿਤ ਕੀਤਾ ਗਿਆ ਹੈ ਕਿ ਉਨ੍ਹਾਂ ਵੱਲੋਂ ਸ਼ਿਕਾਇਤਕਰਤਾ ਨੂੰ ਆਪਣੇ ਪੱਤਰ ਨੰ: ਐਨ.ਡੀ.ਸੀ.ਐਚ/0002/198/461, ਮਿਤੀ 20-08-2018 ਅਤੇ ਪੱਤਰ ਨੰ:ਐਨ.ਡੀ.ਸੀ.ਐਚ/-0002/198/520, ਮਿਤੀ 19-09-2018 ਰਾਹੀਂ ਦੋ ਵਾਰ ਜਵਾਬ ਭੇਜਿਆ ਹੋਇਆ ਹੈ। ਇਸ ਤੋਂ ਇਲਾਵਾ ਨਿੱਜੀ ਤੌਰ ਤੇ ਵੀ ਸ਼ਿਕਾਇਤਕਰਤਾ ਕਈ ਵਾਰ ਕਾਲਿਜ ਵਿਚ ਗਿਆ ਹੈ ਅਤੇ ਉਸ ਨੂੰ ਪੂਰੀ ਜਾਣਕਾਰੀ ਦਿੱਤੀ ਜਾ ਚੁੱਕੀ ਹੈ। ਉੱਤਰਦਾਤਾ ਵੱਲੋਂ ਸ਼ਿਕਾਇਤਕਰਤਾ ਨੂੰ ਸਮੇਂ ਸਿਰ ਸੂਚਨਾ/ਜਵਾਬ ਭੇਜਿਆ ਗਿਆ ਹੈ ਜੋ ਕਿ ਕਮਿਸ਼ਨ ਵੱਲੋਂ ਘੋਖਣ ਉਪਰੰਤ ਤਸੱਲੀਬਖਸ਼ ਪਾਇਆ ਗਿਆ ਹੈ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਸ਼ਿਕਾਇਤਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਸ਼ਿਕਾਇਤ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 17 ਦਸੰਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਨਵਦੀਪ ਸਿੰਘ ਸੈਣੀ,
#18/2 ਸੈਕਟਰ 41-ਏ,
ਚੰਡੀਗੜ੍ਹ। -----ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਸਕੱਤਰ,
ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ,
ਵਣ ਕੰਪਲੈਕਸ, ਮੁਹਾਲੀ। -----ਉੱਤਰਦਾਤਾ

**ਸ਼ਿਕਾਇਤ ਕੇਸ ਨੰ:1105 ਆਫ਼ 2018**

**ਹਾਜ਼ਰ:-** 1) ਸ਼ਿਕਾਇਤਕਰਤਾ ਵੱਲੋਂ ਕੋਈ ਨਹੀਂ।
2) ਉੱਤਰਦਾਤਾ ਵੱਲੋਂ ਸ਼੍ਰੀ ਵਿਕਰਮਜੀਤ ਸਿੰਘ, ਸੀਨੀਅਰ ਸਹਾਇਕ (85286-67509)।

**ਹਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ,2005 ਅਧੀਨ ਇਕ ਬਿਨੈ ਪੱਤਰ ਮਿਤੀ 11-09-2018, ਲੋਕ ਸੂਚਨਾ ਅਧਿਕਾਰੀ ਦਫਤਰ ਸਕੱਤਰ, ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ, ਵਣ ਕੰਪਲੈਕਸ, ਮੁਹਾਲੀ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਉਸ ਵੱਲੋਂ ਸਾਲ 2017 ਵਿੱਚ ਸਟੈਨੋਟਾਈਸਿਪਟ ਦੀ ਆਸਾਮੀ ਲਈ ਦਿੱਤੇ ਗਏ ਟੈਸਟ ਨਾਲ ਸਬੰਧਤ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 09-10-2018 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਗਈ ਸੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 16-11-2018 ਨੂੰ ਪਹਿਲੀ ਸੁਣਵਾਈ ਮਿਤੀ 17-12-2018 ਨੂੰ ਸਵੇਰੇ 11:30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਵਿਕਰਮਜੀਤ ਸਿੰਘ, ਸੀਨੀਅਰ ਸਹਾਇਕ ਨੇ ਪੱਤਰ ਨੰ:2/18/2018-ਸੀ.ਏ.1 ਤੇ 2(ਅਸਚਬ)/2213, ਮਿਤੀ 13-12-2018 ਪੇਸ਼ ਕੀਤਾ ਹੈ ਜਿਸ ਰਾਹੀਂ ਕਮਿਸ਼ਨ ਨੂੰ ਸੂਚਿਤ ਕੀਤਾ ਗਿਆ ਹੈ ਕਿ ਸ਼ਿਕਾਇਤਕਰਤਾ ਨੂੰ ਉਨ੍ਹਾਂ ਦਫ਼ਤਰ ਦੇ ਪੱਤਰ ਨੰ:2076, ਮਿਤੀ 20-11-2018 ਰਾਹੀਂ ਰਜਿਸਟਰਡ ਡਾਕ ਦੁਆਰਾ ਪਹਿਲਾਂ ਹੀ ਸੂਚਨਾ ਭੇਜੀ ਜਾ ਚੁੱਕੀ ਹੈ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਸ਼ਿਕਾਇਤਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਆਪਣੇ ਪੱਤਰ, ਮਿਤੀ 04-12-2018 ਰਾਹੀਂ ਕਮਿਸ਼ਨ ਸੂਚਿਤ ਕੀਤਾ ਗਿਆ ਹੈ ਕਿ ਉਸ ਨੂੰ ਲੋੜੀਂਦੀ ਸੂਚਨਾ ਪ੍ਰਾਪਤ ਹੋ ਚੁੱਕੀ ਹੈ ਅਤੇ ਉਹ ਪ੍ਰਾਪਤ ਸੂਚਨਾ ਤੋਂ ਸੰਤੁਸ਼ਟ ਹੈ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਸ਼ਿਕਾਇਤਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਸ਼ਿਕਾਇਤ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

-

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 17 ਦਸੰਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਵਿਕਰਮ ਵੈਦ, (94172-32897, 98550-32897)
#1527 ਗਲੀ ਨੰ: 2,
ਬਾਗ ਰਾਮਾ ਨੰਦ,
ਅੰਮ੍ਰਿਤਸਰ। -----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਪ੍ਰਿੰਸੀਪਲ,
ਸਰਕਾਰੀ ਮੈਡੀਕਲ ਕਾਲਿਜ,
ਅੰਮ੍ਰਿਤਸਰ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਪ੍ਰਿੰਸੀਪਲ,
ਸਰਕਾਰੀ ਮੈਡੀਕਲ ਕਾਲਿਜ,
ਅੰਮ੍ਰਿਤਸਰ। -----ਉੱਤਰਦਾਤਾ

**ਅਪੀਲ ਕੇਸ ਨੰ: 3530 ਆਫ਼ 2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਨਹੀਂ।
2) ਉੱਤਰਦਾਤਾ ਵੱਲੋਂ ਵੀ ਕੋਈ ਨਹੀਂ।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 13-06-2018 ਨੂੰ ਲੋਕ ਸੂਚਨਾ ਅਧਿਕਾਰੀ, ਦਫਤਰ ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਿਜ, ਅੰਮ੍ਰਿਤਸਰ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਉਸ ਨੇ ਕਾਲਿਜ ਵਿੱਚ ਐਮ.ਐਲ.ਆਰ./ਪੀ.ਐਮ.ਆਰ. ਦੇ ਕੰਪਿਊਟਰਾਈਜੇਸ਼ਨ ਨਾਲ ਸਬੰਧਤ 18 ਨੁਕਤਿਆਂ ਬਾਰੇ ਸੂਚਨਾ ਮੰਗੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 09-07-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਪਹਿਲੀ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਮਿਤੀ 16-10-2018 ਨੂੰ ਅਪੀਲਕਰਤਾ ਨੇ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 16-11-2018 ਨੂੰ ਪਹਿਲੀ ਸੁਣਵਾਈ, ਮਿਤੀ 17-12-2018 ਨੂੰ ਸਵੇਰੇ 11-30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋ ਆਪਣੈ ਪੱਤਰ, ਮਿਤੀ 04-12-2018 ਰਾਹੀਂ ਕਮਿਸ਼ਨ ਨੂੰ ਸੂਚਿਤ ਕੀਤਾ ਗਿਆ ਹੈ ਕਿ ਉਸ ਦਾ ਇੱਕ ਹੋਰ ਅਪੀਲ ਕੇਸ ਨੰ:1673 ਆਫ 2018 ਮਾਣਯੋਗ ਰਾਜ ਸੂਚਨਾ ਕਮਿਸ਼ਨਰ ਸ਼੍ਰੀ ਸ੍ਰੰਜੀਗ ਗਰਗ ਜੀ ਕੋਲ ਚੱਲ ਰਿਹਾ ਹੈ ਜਿਸ ਦੀ ਸੁਣਵਾਈ ਮਿਤੀ 08-01-2018 ਲਈ ਨਿਸਚਿਤ ਹੈ। ਇਸ ਕਰਕੇ ਉਸ ਨੇ ਬੇਨਤੀ ਕੀਤੀ ਹੈ ਕਿ ਉਸ ਦਾ ਹਥਲਾ ਕੇਸ ਵੀ ਸ਼੍ਰੀ ਸੰਜੀਵ ਗਰਗ ਜੀ ਦੇ ਬੈਂਚ ਨੂੰ ਤਬਦੀਲ ਕਰ ਦਿੱਤਾ ਜਾਵੇ ਤਾਂ ਜੋ ਸਹੀ ਕਾਰਵਾਈ ਹੋ ਸਕੇ।

3. ਉੱਤਰਤਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਵੀ ਅੱਜ ਕੋਈ ਹਾਜ਼ਰ ਨਹੀਂ ਹੋਇਆ ਪਰੰਤੂ ਉਨ੍ਹਾਂ

ਚਲਦਾ---ਪੰਨਾ/2

**ਅਪੀਲ ਕੇਸ ਨੰ: 3530 ਆਫ਼ 2018**

ਵੱਲੋਂ ਵੀ ਅੱਜ ਹਾਜ਼ਰ ਨਾ ਹੋਣ ਬਾਰੇ ਈ.ਮੇਲ ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਪੇਸ਼ੀ ਲਈ ਅਗਲੀ ਮਿਤੀ ਦੀ ਮੰਗ ਕੀਤੀ ਗਈ ਹੈ।

4. ਉੱਤਰਤਦਾਤਾ (ਪਹਿਲੀ ਅਪੀਲੀ ਅਥਾਰਟੀ) ਵੱਲੋਂ ਵੀ ਅੱਜ ਕੋਈ ਹਾਜ਼ਰ ਨਹੀਂ ਹੋਇਆ ਪਰੰਤੂ ਉਨ੍ਹਾਂ ਵੱਲੋਂ ਕਮਿਸ਼ਨ ਨੂੰ ਇੱਕ ਪੱਤਰ ਨੰ:25474/ਆਰ.ਟੀ.ਆਈ.(49/06/2018), ਮਿਤੀ 07-12-2018 ਪ੍ਰਾਪਤ ਹੋਇਆ ਹੈ ਜਿਸ ਦੀ ਇੱਕ ਕਾਪੀ ਅਪੀਲਕਰਤਾ ਨੂੰ ਭੇਜੀ ਹੋਈ ਹੈ। ਇਸ ਪੰਤਰ ਵਿੱਚ ਅਪੀਲਕਰਤਾ ਨੂੰ ਦਿੰਤੀ ਜਾਣ ਵਾਲੀ ਸੂਚਨਾ ਬਾਰੇ ਕੀਤੇ ਗਏ ਪੱਤਰ-ਵਿਹਾਰ ਬਾਰੇ ਵਿਸਥਾਰ-ਪੂਰਵਕ ਵੇਰਵਾ ਦਿੰਦੇ ਹੋਏ ਦੱਸਿਆ ਗਿਆ ਹੈ ਕਿ ਕਿਸੇ ਵੀ ਪ੍ਰਾਰਥੀ ਨੂੰ ਪੋਸਟ ਮਾਰਟਮ ਰਿਪੋਰਟ ਦੀ ਸੂਚਨਾ ਲੈਣ ਸਬੰਧੀ ਜ਼ਰੂਰਤ ਹੋਵੇ ਤਾਂ ਉਸ ਸੰਸਥਾ ਦੇ ਫਰਾਂਸਿਕ ਮੈਡੀਸਿਨ ਵਿਭਾਗ ਵਿੱਚ ਸਰਕਾਰੀ ਫੀਸ 100/-ਰੁਪਏ ਜਮ੍ਹਾਂ ਕਰਵਾ ਕੇ ਸੂਚਨਾ ਪ੍ਰਾਪਤ ਕਰ ਸਕਦਾ ਹੈ। ਸੂਚਨਾ ਲੰਬੀ /ਲੈਂਥੀ(Lengthy) ਹੋਣ ਕਾਰਨ ਇਹ ਸੂਚਨਾ ਮੁਹੱਈਆ ਕਰਵਾਉਣ ਲਈ 75% ਸਟਾਫ ਇਕੱਠੀ ਕਰਨ ਤੇ ਨਹੀਂ ਲਗਾਇਆ ਜਾ ਸਕਦਾ। ਇਸ ਕਰਕੇ ਪਹਿਲੀ ਅਪੀਲੀ ਅਥਾਰਟੀ ਵੱਲੋਂ ਇਹ ਕੇਸ ਫਾਈਲ ਕਰਨ ਲਈ ਬੇਨਤੀ ਕੀਤੀ ਗਈ ਹੈ।

ਉਪਰੋਕਤ ਦਰਸਾਈ ਗਈ ਸਥਿਤੀ ਦੇ ਸਨਮੁੱਖ ਅਪੀਲਕਰਤਾ ਦੀ ਬੇਨਤੀ ਅਪ੍ਰਵਾਨ ਕੀਤੀ ਜਾਂਦੀ ਹੈ ਅਤੇ ਉਸ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 08-01-2019 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 17 ਦਸੰਬਰ, 2018.**

**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਜ਼ਸਬੀਰ ਸਿੰਘ, (98882-96107)
ਪਿੰਡ ਭੋਲਾਪੁਰ ਝੱਬੇਵਾਲ,
ਡਾਕਖਾਨਾ ਰਾਮਗੜ੍ਹ,
ਜ਼ਿਲ੍ਹਾ ਲੁਧਿਆਣਾ। -----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਉਪ ਮੰਡਲ ਮੈਜਿਸਟਰੇਟ-ਕਮ-
ਲਾਇਸੈਂਸਿੰਗ ਅਥਾਰਟੀ,
ਮਾਨਸਾ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਡਿਪਟੀ ਕਮਿਸ਼ਨਰ,
ਮਾਨਸਾ। -----ਉੱਤਰਦਾਤਾ

**ਅਪੀਲ ਕੇਸ ਨੰ:3541 ਆਫ਼ 2018**

**ਹਾਜ਼ਰ:-** 1) ਸ਼੍ਰੀ ਜ਼ਸਬੀਰ ਸਿੰਘ, ਅਪੀਲਕਰਤਾ ।
2) ਉੱਤਰਦਾਤਾ ਵੱਲੋਂ ਕੋਈ ਨਹੀਂ।

**ਹਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 31-07-2018 ਨੂੰ ਲੋਕ ਸੂਚਨਾ ਅਧਿਕਾਰੀ, ਦਫਤਰ ਉਪ ਮੰਡਲ ਮੈਜਿਸਟਰੇਟ-ਕਮ- ਲਾਇਸੈਂਸਿੰਗ ਅਥਾਰਟੀ, ਮਾਨਸਾ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਉਸ ਨੇ ਆਰ.ਸੀ. ਅਤੇ ਡਰਾਈਵਿੰਗ ਲਾਇਸੰਸਾਂ ਨਾਲ ਸਬੰਧਤ 4 ਨੁਕਤਿਆਂ ਬਾਰੇ ਸੂਚਨਾ ਮੰਗੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 01-09 -2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਪਹਿਲੀ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਮਿਤੀ 17-10-2018 ਨੂੰ ਅਪੀਲਕਰਤਾ ਨੇ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 16-11-2018 ਨੂੰ ਪਹਿਲੀ ਸੁਣਵਾਈ, ਮਿਤੀ 17-12-2018 ਨੂੰ ਸਵੇਰੇ 11-30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅੱਜ ਪੇਸ਼ੀ ਸਮੇਂ ਅਪੀਲਕਰਤਾ ਨੇ ਹਾਜ਼ਰ ਹੋ ਦੱਸਿਆ ਹੈ ਕਿ ਉਸ ਨੂੰ ਅਜੇ ਤੱਕ ਲੋੜੀਂਦੀ ਸੂਚਨਾ ਪ੍ਰਾਪਤ ਨਹੀਂ ਹੋਈ।ਇਸ ਲਈ ਉਸ ਵੱਲੋਂ ਸੂਚਨਾ ਜਲਦੀ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਗਈ ਹੈ। ਉੱਤਰਦਾਤਾ ਵੱਲੋਂ ਅੱਜ ਕੋਈ ਵੀ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ।ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਦੇ ਬਿਨੈ-ਪੱਤਰ ਅਨੁਸਾਰ, ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਤਹਿਤ ਬਣਦੀ ਸੂਚਨਾ ਅਪੀਲਕਰਤਾ ਨੂੰ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਮੁਹੱਈਆ ਕਰਵਾਈ ਜਾਵੇ ਅਤੇ ਪੇਸ਼ੀ ਤੇ ਨਿੱਜੀ ਤੌਰ ਤੇ ਹਾਜ਼ਰ ਹੋਣਾ ਵੀ ਯਕੀਨੀ ਬਣਾਇਆ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 22-01-2018 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 17 ਦਸੰਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਮੱਖਣ ਸਿੰਘ, (95015-60847)
ਪੁੱਤਰ ਸ਼੍ਰੀ ਹਰਨੇਕ ਸਿੰਘ ਅਲਿਆਸ ਨੇਕ ਸਿੰਘ,
ਵਾਸੀ ਗੁੜੱਦੀ, ਤਹਿਸੀਲ ਬੁਢਲਾਡਾ,
ਜ਼ਿਲ੍ਹਾ ਮਾਨਸਾ। -----ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਐੱਸ.ਐੱਚ.ਓ.,
ਪੁਲਿਸ ਥਾਣਾ ਸਦਰ, ਬੁਢਲਾਡਾ,
ਜ਼ਿਲ੍ਹਾ ਮਾਨਸਾ। -----ਉੱਤਰਦਾਤਾ

**ਸ਼ਿਕਾਇਤ ਕੇਸ ਨੰ:1128 ਆਫ਼ 2018**

**ਹਾਜ਼ਰ:-** 1) ਸ਼ਿਕਾਇਤਕਰਤਾ ਵੱਲੋਂ ਕੋਈ ਨਹੀਂ।
2) ਉੱਤਰਦਾਤਾ ਵੱਲੋਂ ਸ਼੍ਰੀ ਹਰਜੀਤ ਸਿੰਘ, ਕੰਸਟੇਬਲ (97800-09351) ਦਫ਼ਤਰ ਸੀਨੀਅਰ ਕਪਤਾਨ, ਪੁਲਿਸ, ਮਾਨਸਾ।

**ਹਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ,2005 ਅਧੀਨ ਇਕ ਬਿਨੈ ਪੱਤਰ ਮਿਤੀ 16-07-2018, ਲੋਕ ਸੂਚਨਾ ਅਧਿਕਾਰੀ ਦਫਤਰ ਐੱਸ.ਐੱਚ.ਓ., ਪੁਲਿਸ ਥਾਣਾ ਸਦਰ, ਬੁਢਲਾਡਾ, ਜ਼ਿਲ੍ਹਾ ਮਾਨਸਾ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਉਸ ਵੱਲੋਂ ਜੂਨ, 2015 ਵਿੱਚ ਸ/ਸ਼੍ਰੀ ਚਿੜੀਆ ਸਿੰਘ, ਸੇਵਾ ਸਿੰਘ ਆਦਿ ਵਿਰੁੱਧ ਕੀਤੀ ਗਈ ਸ਼ਿਕਾਇਤ ਤੇ ਕੀਤੀ ਗਈ ਕਾਰਵਾਈ ਨਾਲ ਸਬੰਧਤ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 17-10-2018 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਗਈ ਸੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 16-11-2018 ਨੂੰ ਪਹਿਲੀ ਸੁਣਵਾਈ ਮਿਤੀ 17-12-2018 ਨੂੰ ਸਵੇਰੇ 11:30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਸ਼ਿਕਾਇਤਕਰਤਾ ਵੱਲੋਂ ਅੱਜ ਕੋਈ ਵੀ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਹਰਜੀਤ ਸਿੰਘ, ਕੰਸਟੇਬਲ ਦਫ਼ਤਰ ਸੀਨੀਅਰ ਕਪਤਾਨ, ਪੁਲਿਸ, ਮਾਨਸਾ ਨੇ ਪੱਤਰ ਨੰ:60/ਆਰ.ਟੀ.ਆਈ., ਮਿਤੀ 15-12-2018 ਪੇਸ਼ ਕੀਤਾ ਹੈ ਜੋ ਕਿ ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਪੱਤਰ ਰਾਹੀਂ ਉੱਤਰਦਾਤਾ ਵੱਲੋਂ ਕਮਿਸ਼ਨ ਨੂੰ ਸੂਚਿਤ ਕੀਤਾ ਗਿਆ ਹੈ ਕਿ ਉਨ੍ਹਾਂ ਵੱਲੋਂ ਸ਼ਿਕਾਇਤਕਰਤਾ ਨੂੰ ਸੂਚਨਾ ਮੁਹੱਈਆ ਕਰਵਾਈ ਜਾ ਚੁੱਕੀ ਹੈ। ਉਨ੍ਹਾਂ ਵੱਲੋਂ ਇਸ ਸਬੰਧੀ ਸ਼ਿਕਾਇਤਕਰਤਾ ਦਾ ਲਿਖਤੀ ਬਿਆਨ, ਮਿਤੀ 08-12-2018 ਵੀ ਪੇਸ਼ ਕੀਤਾ ਗਿਆ ਹੈ ਜਿਸ ਅਨੁਸਾਰ ਸ਼ਿਕਾਇਤਕਰਤਾ ਨੇ ਕਿਹਾ ਹੈ ਕਿ ਉਸ ਨੂੰ ਸੂਚਨਾ ਪ੍ਰਾਪਤ ਹੋ ਚੁੱਕੀ ਹੈ ਅਤੇ ਕੇਸ ਬੰਦ ਕਰਨ ਲਈ ਬੇਨਤੀ ਕੀਤੀ ਗਈ ਹੈ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਸ਼ਿਕਾਇਤਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਸ਼ਿਕਾਇਤ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 17 ਦਸੰਬਰ, 2018.**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਸਮੀਰ ਵਿੱਜ, (98555-55334)
274/2 ਪੁਰਾਣਾ ਸਿਨੇਮਾ ਰੋਡ,
ਨੇੜੇ ਲਕਸ਼ਮੀ ਮਿਲਜ਼,ਖੰਨਾ-141401,
ਲੁੱਧਿਆਣਾ। -----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ, ਡੀ.ਜੀ.ਐਮ(ਪੀ.ਆਰ)
ਪੰਜਾਬ ਸਮਾਲ ਸਕੇਲ ਇੰਡਸਟਰੀਜ਼ ਐਂਡ
ਐਕਸਪੋਰਟ ਕਾਰਪੋਰੇਸ਼ਨ, ਲਿਮਟਿਡ,
ਚੰਡੀਗੜ੍ਹ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ, ਪੰਜਾਬ ਸਮਾਲ ਸਕੇਲ ਇੰਡਸਟਰੀਜ਼ ਐਂਡ
ਐਕਸਪੋਰਟ ਕਾਰਪੋਰੇਸ਼ਨ, ਲਿਮਟਿਡ,
ਚੰਡੀਗੜ੍ਹ। -----ਉੱਤਰਦਾਤਾ

**ਅਪੀਲ ਕੇਸ 3387 ਆਫ਼ 2018**

**ਹਾਜ਼ਰ:-** 1) ਅਪੀਲਕਰਤਾ ਵੱਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਵਿਜੈ ਪਾਲ ਸਿੰਘ, ਸੀਨੀਅਰ ਐਗਜੈਕਟਿਵ (98141-44454) ਅਤੇ ਸ਼੍ਰੀ ਐਸ.ਪੀ.ਐਸ. ਢਿੱਲੋਂ, ਮੈਨੇਜਰ-ਕਮ-ਸਹਾਇਕ ਲੋਕ ਸੂਚਨਾ ਅਧਿਕਾਰੀ (99153-64990)।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ,2005 ਅਧੀਨ ਇਕ ਬਿਨੈ ਪੱਤਰ ਮਿਤੀ 25-05-2018, ਲੋਕ ਸੂਚਨਾ ਅਧਿਕਾਰੀ ਦਫਤਰ ਡੀ.ਜੀ.ਐਮ(ਪੀ.ਆਰ) ਪੰਜਾਬ ਸਮਾਲ ਸਕੇਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ, ਲਿਮਟਿਡ, ਚੰਡੀਗੜ੍ਹ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵੱਲੋਂ ਮਿਤੀ 01-01-2004 ਤੋਂ 31-12-2017 ਤੱਕ ਆਈ.ਐਫ.ਪੀ ਅਜਾਨਲੀ ਮੰਡੀ, ਗੋਬਿੰਦਗੜ੍ਹ ਵਿੱਚ ਇੰਡਸਟ੍ਰੀਅਲ ਪਲਾਟ ਦੀ ਜ਼ਮੀਨ ਦੀ ਕੀਮਤ ਵਿੱਚ ਵਾਧੇ ਨਾਲ ਸਬੰਧਤ 2 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 30-07-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 03-10-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 15-11-2018 ਨੂੰ ਪਹਿਲੀ ਸੁਣਵਾਈ ਮਿਤੀ 13-12-2018 ਨੂੰ ਸਵੇਰੇ 11:30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਪਿਛਲੀ ਪੇਸ਼ੀ, ਮਿਤੀ 13-12-2018 ਤੇ ਅਪੀਲਕਰਤਾ ਹਾਜ਼ਰ ਨਹੀਂ ਹੋਇਆ ਸੀ ਅਤੇ ਨਾ ਹੀ ਉਸ ਵੱਲੋਂ ਆਪਣੀ ਗੈਰ-ਹਾਜ਼ਰੀ ਬਾਰੇ ਕੋਈ ਸੂਚਨਾ ਕਮਿਸ਼ਨ ਨੂੰ ਭੇਜੀ ਗਈ ਸੀ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਅਧਿਕਾਰੀ ਸੂਚਨਾ ਲੈ ਕੇ ਆਏ ਸੀ ਪਰੰਤੂ ਸੂਚਨਾ ਤੇ ਕੋਈ ਕਵਰਿੰਗ ਪੱਤਰ ਨਹੀਂ ਲਗਾਇਆ ਗਿਆ ਸੀ। ਇਸ ਕਰਕੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਦੇ ਬਿਨੈ-ਪੱਤਰ ਅਨੁਸਾਰ ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਤਹਿਤ ਬਣਦੀ ਸੂਚਨਾ

ਚਲਦਾ---ਪੰਨਾ/2

**ਅਪੀਲ ਕੇਸ 3387 ਆਫ਼ 2018**

ਕਵਰਿੰਗ ਪੱਤਰ ਸਹਿਤ ਵਿਸਥਾਰ-ਪੂਰਵਕ ਪੇਸ਼ ਕੀਤੀ ਜਾਵੇ ਅਤੇ ਪੇਸ਼ੀ ਤੇ ਨਿੱਜੀ ਤੌਰ ਤੇ ਹਾਜ਼ਰ ਹੋਣਾ ਵੀ ਯਕੀਨੀ ਬਣਾਇਆ ਜਾਵੇ। ਅਪੀਲਕਰਤਾ ਨੂੰ ਵੀ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਗਿਆ ਸੀ। ਇਸ ਲਈ ਇਹ ਕੇਸ ਅਗਲੀ ਸੁਣਵਾਈ ਮਿਤੀ 17-12-2018 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਅੱਜ ਫਿਰ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਸ ਵੱਲੋਂ ਆਪਣੀ ਗੈਰ-ਹਾਜ਼ਰੀ ਬਾਰੇ ਕੋਈ ਸੂਚਨਾ ਕਮਿਸ਼ਨ ਨੂੰ ਭੇਜੀ ਗਈ ਹੈ। ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਵਿਜੈ ਪਾਲ ਸਿੰਘ, ਸੀਨੀਅਰ ਐਗਜੈਕਟਿਵ ਨੇ ਪੱਤਰ ਨੰ:ਪਲਉਨਿਨਿ/ਪੀ.ਆਈ.ਓ./ਅਪੀਲ ਕੇਸ/22616, ਮਿਤੀ 17-12-2018 ਸਮੇਤ ਸੂਚਨਾ, ਜਿਸ ਦੀ ਇੱਕ ਕਾਪੀ ਅਪੀਲਕਰਤਾ ਨੂੰ ਵੀ ਭੇਜੀ ਹੋਈ ਹੈ, ਪੇਸ਼ ਕੀਤਾ ਹੈ ਜੋ ਕਿ ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਪੱਤਰ ਰਾਹੀਂ ਉੱਤਰਦਾਤਾ ਵੱਲੋਂ ਕਮਿਸ਼ਨ ਨੂੰ ਸੂਚਿਤ ਕੀਤਾ ਗਿਆ ਹੈ ਕਿ ਉਨ੍ਹਾਂ ਵੱਲੋਂ ਅਪੀਲਕਰਤਾ ਨੂੰ ਆਪਣੇ ਪੱਤਰ ਨੰ:ਪੀ.ਐਸ.ਆਈ.ਈ.ਸੀ./ਐਸਟੇਟ/495, ਮਿਤੀ 11-12-2018 ਰਾਹੀਂ ਸੂਚਨਾ ਮੁਹੱਈਆ ਕਰਵਾਈ ਜਾ ਚੁੱਕੀ ਹੈ। ਉੱਤਰਦਾਤਾ ਵੱਲੋਂ ਅਪੀਲਕਰਤਾ ਨੂੰ ਭੇਜੀ ਗਈ ਸੂਚਨਾ ਨੂੰ ਕਮਿਸ਼ਨ ਵੱਲੋਂ ਤਸੱਲੀਬਖਸ ਪਾਇਆ ਗਿਆ ਹੈ। ਅਪੀਲਕਰਤਾ ਲਗਾਤਾਰ ਦੋ ਪੇਸ਼ੀਆਂ ਤੇ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਸ ਵੱਲੋਂ ਆਪਣੀ ਗੈਰ-ਹਾਜ਼ਰੀ ਬਾਰੇ ਕੋਈ ਸੂਚਨਾ ਕਮਿਸ਼ਨ ਨੂੰ ਭੇਜੀ ਗਈ ਹੈ। ਇਸ ਤੋਂ ਜ਼ਾਹਿਰ ਹੈ ਕਿ ਅਪੀਲਕਰਤਾ ਉਸ ਨੂੰ ਪ੍ਰਾਪਤ ਹੋਈ ਸੂਚਨਾ ਤੋਂ ਸੰਤੁਸ਼ਟ ਹੈ ਅਤੇ ਉਹ ਇਸ ਕੇਸ ਦੀ ਹੋਰ ਪੈਰਵਾਈ ਵਿੱਚ ਕੋਈ ਦਿਲਚਸਪੀ ਨਹੀਂ ਰਖਦਾ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲਕਰਤਾ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 17 ਦਸੰਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**